Postal No. - Jallandhar Vide No. L-4/PB/0196/Lobana Sewak/0196/2022-2023
Regd No. 32212/78

# ਲੁਬਾਣਾ ਸੇਵਕ

ਫਰਵਰੀ 2023 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਮੁਬਾਰਕਾਂ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸਿਮਰੋ ਸ੍ਰੀ ਹਰਿਰਾਇ ...



ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਹਰਿ ਰਾਇ ਜੀ ਨੂੰ 3 ਮਾਰਚ 1644 ਈ. ਨੂੰ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਗੁਰਗੱਦੀ ਬਖ਼ਸ਼ੀ। ਗੁਰੂ ਹਰਿ ਰਾਇ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਮਾਤਾ ਨਿਹਾਲ ਕੌਰ ਜੀ ਦੀ ਕੁਖੋਂ ਹੋਇਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਸਨ। ਬਾਵਜ ਗੁਰਦਿੱਤਾ ਜੀ ਦੇ ਦੋ ਸਪੁੱਤਰ ਸਨ : ਬਾਬਾ ਧੀਰ ਮੱਲ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਸਨ : ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ ਅਤੇ ਗੁਰੂ ਤੇਗ਼ ਬਹਾਦਰ ਜੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਸਮੇਂ ਦੀ ਨਜਾਕਤ ਭਾਂਪਦੇ ਹੋਏ ਵੱਡੇ ਕਾਰਜ ਆਰੰਭੇ ਅਤੇ ਕੀਤੇ -

**"ਪੰਜ ਪਿਆਲੇ ਪੰਜ ਪੀਰ ਛਠਮੁ ਪੀਰ ਬੈਠਾ ਗੁਰ ਭਾਰੀ। ਅਰਜਨ ਕਾਇਆ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ।**
**ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥ ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।"**

ਛੇਵੇਂ ਪਾਤਸ਼ਾਹ ਜੀ ਨੂੰ ਗੁਰਗੱਦੀ 25 ਮਈ 1606 ਈ. ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਵੱਲੋਂ ਬਖ਼ਸ਼ੀ ਗਈ ਅਤੇ ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਇਕ ਮੀਰੀ ਅਤੇ ਦੂਜੀ ਪੀਰੀ ਦੀਆਂ ਪਹਿਨਾਈਆਂ। ਆਪ ਜੀ ਨੇ ਸਿੱਖਾਂ ਨੂੰ ਸ਼ਸ਼ਤਰ ਅਤੇ ਘੋੜੇ ਭੇਟਾ ਕਰਨ ਲਈ ਕਿਹਾ ਅਤੇ ਅੰਗ ਰੱਖਿਅਕ ਰੱਖ ਕੇ ਨੌਜਵਾਨਾਂ ਫੌਜ ਤਿਆਰ-ਬਰ-ਤਿਆਰ ਕੀਤੀ ਅਤੇ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਕਰਵਾਈ। ਆਪ ਜੀ ਨੇ 1609 ਈ. ਵਿਚ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਕੀਤੀ। 1611 ਈ. ਨੂੰ ਗੁਰੂ ਜੀ ਨੂੰ ਜਹਾਂਗੀਰ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕੀਤਾ ਜਿੱਥੇ ਹੋਰ ਵੀ ਰਾਜੇ ਬੰਦੀ ਸਨ। ਲੇਕਿਨ ਸਿੱਖ ਸੰਗਤਾਂ ਦੀ ਬੇਚੈਨੀ ਕਰਕੇ 52 ਰਾਜਿਆਂ ਸਮੇਤ ਗੁਰੂ ਜੀ ਰਿਹਾ ਹੋ ਕੇ ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ। ਇਸ ਉਪਰੰਤ ਜਹਾਂਗੀਰ ਨੇ ਸੁਲਾਹ ਕਰ ਲਈ ਅਤੇ 13 ਸਾਲ ਅਮਨ ਰਿਹਾ। ਗੁਰੂ ਸਾਹਿਬ ਨੇ ਚਾਰ ਜੰਗਾਂ ਲੜੀਆਂ ਅਤੇ ਚਾਰਾਂ ਵਿਚ ਹੀ ਜਿੱਤ ਪ੍ਰਾਪਤ ਕੀਤੀ।। ਆਪ ਜੀ 3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

ਗੁਰੂ ਹਰਿ ਰਾਇ ਸਾਹਿਬ ਜੀ ਵੱਡਿਆਂ ਦੇ ਬਚਨਾਂ ਨੂੰ ਦ੍ਰਿੜ੍ਹਤਾ ਨਾਲ ਨਿਭਾਉਣ, ਆਪਣੇ ਸੇਵਕ ਦੇ ਮਨ ਦੀ ਜਾਨਣ ਵਾਲੇ ਸਨ। ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਬਾਣੀ ਦਾ ਬਹੁਤ ਸਤਿਕਾਰ ਅਤੇ ਸ਼ਰਧਾ ਕਰਦੇ ਸਨ। ਜਦੋਂ ਵੀ ਸੰਗਤਾਂ ਸ਼ਬਦ ਕੀਰਤਨ ਕਰਦੇ ਆਉਂਦੇ ਤੇ ਸਤਿਗੁਰਾਂ ਦੇ ਆਵਾਜ਼ ਕੰਨੀਂ ਪੈਂਦੀ ਤਾਂ ਤੁਰੰਤ ਕਾਹਲੀ ਨਾਲ ਆਪਣੇ ਪਲੰਘ ਤੋਂ ਥੱਲੇ ਆਉਂਦੇ ਕਿਉਂਕਿ ਗੁਰੂ ਜੀ ਕਹਿੰਦੇ ਸਨ ਕਿ ਇਹ ਬਾਣੀ ਨਿਰੰਕਾਰ ਦੀ ਹੈ। ਪੰਜਾਬ ਵਿਚ ਕਾਲ ਸਮੇਂ ਆਪਣੇ ਦਾਦਾ, ਪੜਦਾਦਾ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਆਪਣੇ ਸ਼ਾਹੀ ਖਜ਼ਾਨੇ ਦੇ ਪੂਰੇ ਪ੍ਰਬੰਧ ਨਾ ਹੋਣ ਕਾਰਨ, ਦਿਲ ਖੋਲ੍ਹ ਕੇ ਮਾਇਆ ਅਤੇ ਪਥਾਰਥਾਂ ਰਾਹੀਂ ਸੇਵਾ ਸੰਭਾਲ ਕੀਤੀ। ਇਸ ਤਰ੍ਹਾਂ ਸ਼ਾਹਜਹਾਨ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਜੋ ਕਿ ਪੰਜਾਬ ਦਾ ਗਵਰਨਰ ਸੀ ਉਹ ਗੁਰੂ ਜੀ ਦਾ ਕਾਇਲ ਹੋ ਗਿਆ ਅਤੇ ਗੁਰੂ ਜੀ ਨੂੰ ਕਈ ਵਾਰ ਮਿਲਿਆ ਅਤੇ ਗੁਰੂ ਜੀ ਨੂੰ ਲੰਗਰ ਵਾਸਤੇ ਜਗੀਰ ਦੇਣ ਦੀ ਜਾਚਨਾ ਕੀਤੀ ਪ੍ਰੰਤੂ ਗੁਰੂ ਜੀ ਨੇ ਇਹ ਆਖ ਕੇ ਇਨਕਾਰ ਕਰ ਦਿੱਤਾ ਕਿ ਲੰਗਰ ਸਿੱਖ ਸੰਗਤਾਂ ਦੇ ਪਿਆਰ ਕੁਰਬਾਨੀ ਰਾਹੀਂ ਹੀ ਚੱਲਣਾ ਚਾਹੀਦਾ ਹੈ। ਆਪ ਜੀ ਦਿਆਲੂ ਸਤਿਗੁਰ ਸਨ ਜਿਵੇਂ ਕਿ ਆਪ ਨੇ ਭਾਈ ਗਾਉਰਾ ਦੀ ਭੁੱਲ ਬਖ਼ਸ਼ੀ, ਭਾਈ ਜੀਉਣ ਜੀ ਨੂੰ ਪਰਉਪਕਾਰੀ ਬਣਾਇਆ ਅਤੇ ਸੇਧ ਦਿੱਤੀ ਕਿ ਅਕਾਲ ਪੁਰਖ ਦੇ ਹੁਕਮਾਂ ਵਿਚ ਰਹਿਣਾ ਹੈ ਅਤੇ ਪ੍ਰਾਣੀ ਆਪਣੇ ਕਰਮਾਂ ਅਨੁਸਾਰ ਜੀਵਨ ਭੋਗਦਾ ਹੈ। ਦੁੱਖ, ਸੁੱਖ, ਉਮਰ ਤਿੰਨਾਂ ਨੂੰ ਵਿਧਾਤਾ ਹੀ ਬਣਾਉਂਦਾ ਹੈ। ਪ੍ਰਭੂ ਦੀ ਮਰਯਾਦਾ ਅਟੱਲ ਹੈ। ਇਸ ਤਰ੍ਹਾਂ ਭਾਈ ਜੀਉਣਾ ਨੂੰ ਬ੍ਰਾਹਮਣ ਦੇ ਪੁੱਤਰ ਨੂੰ ਜੀਵਤ ਕਰਨ ਬਦਲੇ ਭਾਈ ਜੀਉਣ ਨੂੰ ਜਿੰਦ ਬਦਲੇ ਜਿੰਦ ਦੇਣੀ ਪਈ। ਆਪ ਜੀ ਨੇ ਮਰ੍ਹਜ ਗੋਤ ਦੇ ਕਿਸਾਨਾਂ ਦਾ ਵੱਸਣਾ ਕੀਤਾ ਜੋ ਕਿ ਕੌੜੇ ਗੋਤ ਦੇ ਮਾਲਵੇ ਦੇ ਕਿਸਾਨ ਤਕੜੇ ਅਤੇ ਮਾਲਕ ਸਨ। ਗੁਰੂ ਜੀ ਦੀ ਪ੍ਰੇਰਨਾ ਸਦਕਾ ਜੈਤ ਪਿਰਾਣਾ ਮਾਲਕਾਂ ਨਾਲ ਡੱਟ ਕੇ ਮੁਕਾਬਲਾ ਕੀਤਾ ਅਤੇ ਗੁਰੂ ਕ੍ਰਿਪਾ ਨਾਲ ਉਹ ਮੈਦਾਨ ਛੱਡ ਕੇ ਭੱਜ ਗਏ। ਫਿਰ ਇਨ੍ਹਾਂ ਨੇ ਮਹਿਰਾਜ ਨਗਰ ਦੀ ਉਸਾਰੀ ਕੀਤੀ। ਇਸੇ ਤਰ੍ਹਾਂ ਮਰ੍ਹਜ ਕੁਲ ਦਾ ਇਕ ਆਗੂ ਕਾਲਾ ਨਾਮ ਵਿਅਕਤੀ ਆਪਣੇ ਯਤੀਮ ਭਤੀਜੇ ਜਿਨ੍ਹਾਂ ਦਾ ਨਾਮ ਫੂਲ ਅਤੇ ਸੰਦਲੀ ਸਨ ਦੀ ਪਾਲਣਾ ਕਰ ਰਿਹਾ ਸੀ। ਉਹ ਗੁਰੂ ਹਰਿ ਰਾਇ ਸਾਹਿਬ ਦਾ ਸ਼ਰਧਾਵਾਨ ਸਿੱਖ ਸੀ। ਉਨ੍ਹਾਂ ਭੁੱਖੇ ਬੱਚਿਆਂ ਨੂੰ ਗੁਰੂ ਜੀ ਨੇ ਕਿਹਾ ਕਿ ਇਹ ਤਾਂ ਰਾਜਕੁਮਾਰ ਹਨ ਇਹ ਤਾਂ ਰਾਜ ਕਰਨਗੇ। ਇਨ੍ਹਾਂ ਦੇ ਘੋੜੇ ਯਮਨਾ ਨਦੀ ਵਿਚ ਪਾਣੀ ਪੀਆ ਕਰਨਗੇ। ਇਸੇ ਤਰ੍ਹਾਂ ਕਾਲੇ ਦੀ ਪਤਨੀ ਦੇ ਕਹਿਣ ਤੇ ਕਾਲੇ ਦੀ ਔਲਾਦ ਨੂੰ ਵਰ ਮਿਲਿਆ ਕਿ ਵਾਹਿਗੁਰੂ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਔਲਾਦ ਨੂੰ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਵੇਗੀ ਅਤੇ ਵੱਡੇ-ਵੱਡੇ ਜ਼ਿੰਮੀਦਾਰ ਹੋਣਗੇ। ਅੱਜ ਉਹੀ ਇਲਾਕੇ ਵਾਲੇ ਚੜ੍ਹਦੀ ਕਲਾ ਵਿਚ ਹਨ। ਗੁਰੂ ਜੀ ਨੇ ਕੀਰਤਪੁਰ ਸਾਹਿਬ ਵਿਖੇ ਉੱਤਮ ਦਰਜੇ ਦਾ ਸ਼ਾਹੀ ਦਵਾ ਭੰਡਾਰ ਉਪਲਬਧ ਕੀਤਾ ਜਿਸ ਨਾਲ ਬਹੁਤ ਲੋਕਾਂ ਨੂੰ ਆਰਾਮ ਮਿਲਦਾ ਸੀ ਅਤੇ ਦਾਰਾ ਸ਼ਿਕੋਹ ਵੀ ਇਥੋਂ ਦੁਰਲੱਭ ਦਵਾ ਨਾਲ ਠੀਕ ਹੋਇਆ ਸੀ। ਆਪ ਜੀ ਨੇ ਭਾਈ ਕਰਮ ਵੱਲੋਂ ਦਿਲੋਂ ਸ਼ਰਧਾਵਾਨ ਹੋਣ ਤੇ ਅੰਬ ਸਾਹਿਬ (ਮੋਹਾਲੀ) ਵਿਖੇ ਸੱਤਵੇਂ ਜਾਮੇਂ ਵਿਚ ਬੇਮੌਸਮੀ ਰੁੱਤੇ ਵੀ ਅੰਬ ਛੱਕੇ। ਆਪ ਜੀ ਨੇ ਬਾਬਾ ਰਾਮ ਰਾਇ ਜੀ ਨੂੰ ਗੁਰਬਾਣੀ ਨੂੰ ਔਰੰਗਜ਼ੇਬ ਦੇ ਦਰਬਾਰ ਵਿਚ "**ਮਿਟੀ ਮੁਸਲਮਾਨ ਕੀ ਪੇੜੇ ਪਈ ਕੁਮ੍ਹਿਆਰ**" ਨੂੰ "**ਮਿੱਟੀ ਬੇਈਮਾਨ ਕੀ ਉਚਾਰਿਆ**" ਜਿਸ ਕਾਰਨ ਗੁਰੂ ਜੀ ਨੇ ਉਹਨਾਂ ਨੂੰ ਮੱਥੇ ਨਾ ਲੱਗਣ ਦੀ ਹਦਾਇਤ ਕੀਤੀ ਅਤੇ ਗੁਰਤਾ ਗੱਦੀ ਸ੍ਰੀ ਗੁਰੂ ਕ੍ਰਿਸ਼ਨ ਸਾਹਿਬ ਜੀ ਨੂੰ ਬਖ਼ਸ਼ਿਸ਼ ਹੋਈ।

ਗੁਰੂ ਸਾਹਿਬਾਨਾਂ ਨੇ ਜੀਵਨ ਜਾਂਚ ਗੁਰ ਮਰਿਆਦਾ, ਜ਼ੁਲਮ ਦਾ ਟਾਕਰਾ ਕਰਨਾ, ਮਜ਼ਲੂਮਾਂ ਦੀ ਰੱਖਿਆ ਕਰਨ, ਬਾਣੀ ਤੇ ਬਾਣੇ ਦੀ ਰਹਿਤ, ਵੱਡਿਆਂ ਦਾ ਸਤਿਕਾਰ ਅਤੇ ਪੂਰਨਿਆਂ 'ਤੇ ਚੱਲਣ ਨੂੰ ਹੀ ਕਿਹਾ ਹੈ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

Chief Editor
Er. Harbhajan Singh
Dy. C.E. (Retd.) President
M.: 98140-62091

Addl. Chief Editor
Er. Parminderjit Singh
M.: 99153-57524

Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Co-Editor
S. Surinder Singh Ruby ETO (Retd.)
M.: 98141-28181

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 &
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਫਰਵਰੀ ਮਹੀਨੇ ਦੀ ਮੱਸਿਆ, ਸੰਗਰਾਂਦ**
**ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**
**ਪੂਰਨਮਾਸ਼ੀ - 05-02-2023 (ਐਤਵਾਰ)**
**ਸੰਗਰਾਂਦ - 13-02-2023 (ਸੋਮਵਾਰ)**
**ਮੱਸਿਆ - 20-02-2023 (ਸੋਮਵਾਰ)**

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ

ਜਿਲਦ ਨੰ. 41 | ਅੰਕ - 116 | ਫਰਵਰੀ - 2023

1. ਸ਼ਹੀਦ ਬਾਬਾ ਦੀਪ ਸਿੰਘ ਜੀ ਨਾਲ ਸਬੰਧਿਤ ਇਤਿਹਾਸਕ ਸਥਾਨ 4
2. ਸੱਤਵੇਂ ਨਾਨਕ ਸ੍ਰੀ ਗੁਰੂ ਹਰਿਰਾਏ ਸਾਹਿਬ 8
3. ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼ 10
4. ਗੁਰ ਸਾਗਰ ਦੇ ਸੁੱਚੇ ਮੋਤੀ 14
5. ਭਾਈ ਮੱਖਣ ਸ਼ਾਹ ਦੇ ਜਨਮ, ਜਨਮ ਸਥਾਨ ਅਤੇ ਰਿਹਾਸ਼ਿ ਬਾਰੇ 15
6. ਜੀਵਨ ਵਿਕਾਸ – ਇਕ ਸੰਘਰਸ਼ 16
7. ਬੁਢੇਪੇ 'ਚ ਬਚਪਨਾ 17
8. ਜਨਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 18
9. ਬੱਚਿਆਂ ਦਾ ਸੁਨਹਿਰੀ ਭਵਿੱਖ 21
10. ਪੰਜਾਬ ਦਾ ਜ਼ਹਿਰੀਲਾ ਪਾਣੀ ਅਤੇ ਪੰਜਾਬੀ ਸਭਿਅਤਾ ਦਾ ਉਜਾੜਾ 22
11. ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫ਼ਲੇ 'ਤੇ ..... 24
12. ਸਾਕਾ ਸ੍ਰੀ ਨਨਕਾਣਾ ਸਾਹਿਬ 26
13. ਆਓ ਜਾਣੀਏ! 28
14. ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ 29
15. ਸ਼ੋਕ ਸਮਾਚਾਰ 30
16. ਸਿਹਤ ਸੰਭਾਲ 31
17. ਚੋਰ 33
18. ਕਾਵਿ-ਕਿਆਰੀ 35
19. ਸ਼ਬਦਾਂ ਦੇ ਸੰਜੋਗ 36
20. ਜ਼ਿੰਦਗੀ 37
21. युवा वर्ग और बेकारी की समस्या 38
22. Iron Deficiency in Preterm Infants 39
23. Matrimonial 40
24. ਦਾਨੀ ਸੱਜਣਾਂ ਦੀ ਸੂਚੀ 41

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸ਼ਹੀਦ ਬਾਬਾ ਦੀਪ ਸਿੰਘ ਜੀ ਨਾਲ ਸਬੰਧਿਤ ਇਤਿਹਾਸਕ ਸਥਾਨ



ਸ਼ਹੀਦ ਮਿਸਲ ਦੇ ਬਾਨੀ ਅਤੇ ਦਮਦਮੀ ਟਕਸਾਲ ਦੇ ਸੰਸਥਾਪਕ ਬਾਬਾ ਦੀਪ ਸਿੰਘ ਜੀ ਦਾ ਜਨਮ ਸੰਨ 1682ਈ: ਵਿਚ ਪਿਤਾ ਭਾਈ ਭਗਤਾ ਜੀ ਦੇ ਘਰ ਮਾਤਾ ਜੀਉਣੀ ਜੀ ਦੀ ਕੁੱਖੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਪਹੂਵਿੰਡ ਵਿਚ ਹੋਇਆ। ਬਾਬਾ ਜੀ ਨੇ ਸਿੱਖ ਪੰਥ ਦੇ ਵਿਕਾਸ ਲਈ ਬਹੁਤ ਉੱਦਮ ਕੀਤਾ ਅਤੇ ਧਰਮ ਲਈ ਆਪਣੇ ਪ੍ਰਾਣਾਂ ਦੀ ਭੇਟ ਚੜ੍ਹਾ ਕੇ ਸਿੱਖ ਪੰਥ ਦੇ ਸ਼ਹੀਦਾਂ ਵਿਚ ਸਿਰਮੌਰ ਸਥਾਨ ਪ੍ਰਾਪਤ ਕੀਤਾ। ਸਿੱਖ ਪੰਥ ਵਿਚ ਬਾਬਾ ਦੀਪ ਸਿੰਘ ਜੀ ਪ੍ਰਤੀ ਬਹੁਤ ਸ਼ਰਧਾ ਅਤੇ ਸਤਿਕਾਰ ਹੈ। ਜਿਸ ਸਥਾਨ ਨਾਲ ਉਨ੍ਹਾਂ ਦਾ ਸੰਬੰਧ ਰਿਹਾ, ਉੱਥੇ ਦੇ ਲੋਕਾਂ ਨੇ ਉਨ੍ਹਾਂ ਦੀ ਯਾਦ ਨੂੰ ਸਦਾ ਲਈ ਤਾਜ਼ਾ ਰੱਖਣ ਲਈ ਉਨ੍ਹਾਂ ਦੀਆਂ ਯਾਦਗਾਰਾਂ ਬਣਾਈਆਂ ਹੋਈਆਂ ਹਨ ਜਿੱਥੇ ਉਹ ਸਮੇਂ ਸਮੇਂ ਇਕੱਠੇ ਹੋ ਕੇ ਆਪਣੇ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਉਨ੍ਹਾਂ ਦੀਆਂ ਬਣੀਆਂ ਯਾਦਗਾਰਾਂ ਵਿੱਚੋਂ ਕੁਝ ਦਾ ਵਰਣਨ ਇੱਥੇ ਕੀਤਾ ਜਾ ਰਿਹਾ ਹੈ।

**ਜਨਮ ਸਥਾਨ ਬਾਬਾ ਦੀਪ ਸਿੰਘ ਜੀ** :- ਬਾਬਾ ਦੀਪ ਸਿੰਘ ਜੀ ਦਾ ਜਨਮ ਸਥਾਨ ਪਿੰਡ ਪਹੂਵਿੰਡ ਹੈ ਜੋ ਕਿ ਅੰਮ੍ਰਿਤਸਰ ਤੋਂ ੧੯ ਕਿਲੋਮੀਟਰ ਦੂਰ ਝਬਾਲ ਅਤੇ ਝਬਾਲ ਤੋਂ ੧੬ ਕਿਲੋਮੀਟਰ ਦੂਰ ਅਤੇ ਭਿੱਖੀਵਿੰਡ ਤੋਂ ੩ ਕਿਲੋਮੀਟਰ ਦੂਰ ਸਥਿਤ ਹੈ। ਇਸ ਪਿੰਡ ਬਾਰੇ ਕਿਹਾ ਜਾਂਦਾ ਹੈ ਕਿ ਬਾਬਾ ਪੋਹੂ ਨੇ ਇਹ ਪਿੰਡ ਵਸਾਇਆ ਸੀ। ਬਾਬਾ ਪੋਹੂ ਇਸ ਪਿੰਡ ਤੋਂ ਲੱਗਭਗ ੩ ਕਿਲੋਮੀਟਰ ਦੀ ਦੂਰੀ 'ਤੇ ਭਿੱਖੀਵਿੰਡ ਵਿਚ ਰਹਿੰਦਾ ਸੀ। ਭਿੱਖੀਵਿੰਡ ਦੇ ਮੁਸਲਮਾਨ ਰੰਘੜ ਬਾਬਾ ਪੋਹੂ ਨੂੰ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸਨ ਜਿਸ ਕਾਰਨ ਉਹ ਭਿੱਖੀਵਿੰਡ ਛੱਡ ਕੇ ਇੱਥੇ ਆ ਗਿਆ ਜਿੱਥੇ ਉਸ ਦੇ ਨਾਂ 'ਤੇ ਇਹ ਪਿੰਡ ਪਹੂਵਿੰਡ ਸਥਾਪਿਤ ਹੋ ਗਿਆ। ਬਾਬਾ ਪੋਹੂ ਦੀ ਆਪਣੀ ਕੋਈ ਔਲਾਦ ਨਹੀਂ ਸੀ। ਉਸ ਦੇ ਭਤੀਜੇ ਦਾਨਾ, ਮਿਰਜਾ, ਵਸਾਊ ਤੇ ਬਿੰਨਾ ਸਨ। ਇਨ੍ਹਾਂ ਚੌਹਾਂ ਦੇ ਨਾਂ 'ਤੇ ਪਿੰਡ ਦੀਆਂ ਚਾਰ ਪੱਤੀਆਂ ਅਬਾਦ ਹੋਈਆਂ। ਇਸ ਸਮੇਂ ਪਿੰਡ ਪਹੂਵਿੰਡ ਵਿਚ ਬਾਬੇ ਪੋਹੂ ਦੇ ਸੰਧੂ ਖਾਨਦਾਨ ਦੇ ੧੫੦ ਦੇ ਲੱਗਭਗ ਘਰ ਵੱਸਦੇ ਹਨ। ਇਸ ਪਿੰਡ ਦੀ ਅਬਾਦੀ ਵਿਚ ਦੂਸਰੇ ਥਾਂ 'ਤੇ ਖਹਿਰੇ ਜੱਟ ਸਨ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਇੱਥੋਂ ਉੱਠ ਕੇ ਲੱਗਭਗ ੨੦ ਕਿਲੋਮੀਟਰ ਦੂਰ ਪੱਟੀ ਦੇ ਨੇੜੇ ਜਾ ਕੇ ਵੱਸ ਗਏ ਹਨ। ਉਨ੍ਹਾਂ ਨੇ ਆਪਣੇ ਨਵੇਂ ਵਸਾਏ ਪਿੰਡ ਦਾ ਨਾਂ ਵੀ ਸ਼ਹੀਦ ਰੱਖਿਆ ਹੋਇਆ ਹੈ। ਪਹੂਵਿੰਡ ਵਿਚ ਹੁਣ ੩੦-੩੫ ਘਰ ਖਹਿਰੇ ਖਾਨਦਾਨ ਦੇ ਹਨ ਜੋ ਆਪਣੇ ਆਪ ਨੂੰ ਸ਼ਹੀਦ ਕਹਿੰਦੇ ਹਨ। ਪਹੂਵਿੰਡ ਵਿਚ ਉਨ੍ਹਾਂ ਦੀ ਪੱਤੀ ਦਾ ਨਾਂ ਵੀ ਸ਼ਹੀਦ ਪੱਤੀ ਹੈ। ਮਾਲਵਾ ਸਿੱਖ ਇਤਿਹਾਸ ਦੇ ਕਰਤਾ ਭਾਈ ਵਿਸਾਖਾ ਸਿੰਘ ਅਤੇ ਸ. ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ ਜੱਟਾਂ ਦੇ ਗੋਤਾਂ ਦਾ ਇਤਿਹਾਸਕ ਵੇਰਵਾ ਵਿਚ ਬਾਬਾ ਦੀਪ ਸਿੰਘ ਜੀ ਦਾ ਪਿੰਡ ਜ਼ਿਲ੍ਹਾ ਲੁਧਿਆਣਾ ਵਿਚ ਗੁਰਮ ਦੱਸਿਆ ਗਿਆ ਹੈ। ਇਨ੍ਹਾਂ ਅਨੁਸਾਰ ਬਾਬਾ ਜੀ ਦੇ ਪਿਤਾ ਜੀ ਆਪਣੇ ਸਾਥੀਆਂ ਸਮੇਤ ਅਲਾ ਪੁਰ ਦੇ ਪਠਾਨਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਅਲਾ ਪੁਰ ਦਾ ਨਾਂ ਬਦਲ ਕੇ ਹੁਣ ਲਾਪੁਰ ਹੋ ਗਿਆ ਹੈ। ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਪਿੰਡ ਨਵੇਂ ਗੁਰਮ ਦੇ ਪਾਸ ਦੱਖਣ ਵੱਲ ਬਣੀਆਂ ਹੋਈਆਂ ਹਨ। ਬਾਬਾ ਦੀਪ ਸਿੰਘ ਜੀ ਦੇ ਪਿਤਾ ਦਾ ਕੋਈ ਸਕਾ ਭਰਾ ਨਾ ਹੋਣ ਕਰਕੇ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਆਪਣੀ ਮਾਤਾ ਜੀ ਨਾਲ ਆਪਣੇ ਨਾਨਕੇ ਪਿੰਡ ਪਹੂਵਿੰਡ ਆ ਕੇ ਰਹਿਣ ਲੱਗ ਪਏ। ਜਦੋਂ ਬਾਬਾ ਜੀ ਜਵਾਨ ਹੋ ਗਏ ਤਾਂ ਵਾਪਸ ਆਪਣੀ ਮਾਤਾ ਜੀ ਨਾਲ ਗੁਰਮ ਪਿੰਡ ਚਲੇ ਗਏ। ਬਾਬਾ ਜੀ ਦੇ ਮਾਤਾ ਜੀ ਬਾਬਾ ਜੀ ਦੀ ਸ਼ਹੀਦੀ ਤੋਂ ਕਾਫ਼ੀ ਸਮਾਂ ਬਾਅਦ ਤਕ ਇਸੇ ਪਿੰਡ ਵਿਚ ਰਹਿੰਦੇ ਹੋਏ ਅਕਾਲ ਚਲਾਣਾ ਕਰ ਗਏ। ਬਾਬਾ ਜੀ ਦਾ ਜਨਮ ਸਥਾਨ ਕਿਹੜਾ ਸੀ ਭਾਵੇਂ ਇਹ ਖੋਜ ਦਾ ਵਿਸ਼ਾ ਹੈ ਪਰ ਇਸ ਗੱਲ ਨਾਲ ਸਾਰੇ ਵਿਦਵਾਨ ਸਹਿਮਤ ਹਨ ਕਿ ਬਾਬਾ ਜੀ ਦਾ ਸੰਬੰਧ ਪਹੂਵਿੰਡ ਪਿੰਡ ਨਾਲ ਗੂੜ੍ਹਾ ਸੀ ਭਾਵੇਂ ਇਹ ਉਨ੍ਹਾਂ ਦੇ ਦਾਦਕੇ ਸਨ ਜਾਂ ਨਾਨਕੇ ਜਿੱਥੇ ਉਹ ਬਚਪਨ ਤੋਂ ਜਵਾਨ ਅਵਸਥਾ ਤਕ ਵਿਚਰਦੇ ਰਹੇ। ਪਹੂਵਿੰਡ ਪਿੰਡ ਪਾਕਿਸਤਾਨ ਬਣਨ ਤੋਂ ਪਹਿਲਾਂ ਜ਼ਿਲ੍ਹਾ ਲਾਹੌਰ ਦੀ ਕਸੂਰ ਤਹਿਸੀਲ ਵਿਚ ਹੁੰਦਾ ਸੀ ਅੱਜਕਲ੍ਹ ਇਹ ਜ਼ਿਲ੍ਹਾ ਤਰਨਤਾਰਨ ਦੀ ਪੱਟੀ ਤਹਿਸੀਲ ਵਿਚ ਹੈ। ਗੁਰਦੁਆਰਾ ਜਨਮ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਾਨਦਾਰ ਇਮਾਰਤ ਇਸ ਪਿੰਡ ਦੀ

**ਸੰਪਾਦਕ**
**ਭਗਵਾਨ ਸਿੰਘ**
**ਲੁਬਾਣਾ**
**98155-40240**



ਸ਼ਾਨ ਹੈ। ਬਾਬਾ ਜੀ ਦੀ ਯਾਦ ਵਿਚ ਪੁਰਾਣਾ ਗੁਰਦੁਆਰਾ ਮਿਰਜੇ ਦੀ ਪੱਤੀ ਵਿਚ ਬਣਿਆ ਹੋਇਆ ਹੈ। ਪਿੰਡ ਵਾਸੀਆਂ ਅਨੁਸਾਰ ਪਿੰਡ ਵਿਚ ਬਾਬਾ ਜੀ ਦੀ ਯਾਦ ਵਿਚ ਨਵੇਂ ਉਸਾਰੇ ਗੁਰਦੁਆਰਾ ਸਾਹਿਬ ਦੀ ਨੀਂਹ ੧੯੬੯ ਈ: ਵਿਚ ਰੱਖੀ ਗਈ ਸੀ ਅਤੇ ਇਸ ਦੀ ਉਸਾਰੀ ਦਾ ਕੰਮ ੧੯੮੪-੮੫ ਤਕ ਚਲਦਾ ਰਿਹਾ। ੧੯੮੩ ਈ: ਵਿਚ ਇਸ 'ਤੇ ਸੋਨੇ ਦਾ ਕਲਸ ਸੁਸ਼ੋਭਿਤ ਕੀਤਾ ਗਿਆ। ਇਸ ਨਵੇਂ ਸਥਾਨ 'ਤੇ ਬਣੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਪਹਿਲਾਂ ਮੁਸਲਮਾਨਾਂ ਦੀ ਮਲਕੀਅਤ ਸੀ। ਪਹੂਵਿੰਡ ਵਿਚ ੩੦੦ ਦੇ ਲੱਗਭਗ ਮੁਸਲਮਾਨਾਂ ਦੇ ਘਰ ਸਨ ਜੋ ੧੯੪੭ ਈ: ਵਿਚ ਪਾਕਿਸਤਾਨ ਚਲੇ ਗਏ ਅਤੇ ਇਹ ਉਨ੍ਹਾਂ ਦੀ ਜ਼ਮੀਨ ਲਾਵਾਰਿਸ ਪਈ ਸੀ। ਇਸ ਖੁੱਲ੍ਹੀ ਥਾਂ 'ਤੇ ਪਿੰਡ ਵਾਲਿਆਂ ਨੇ ਸਲਾਹ-ਮਸ਼ਵਰਾ ਕਰ ਕੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਾ ਕੇ ਇੱਥੇ ਸੰਨ ੧੯੮੨ ਈ: ਵਿਚ ਬਾਬਾ ਜੀ ਦਾ ੩੦੦ ਸਾਲਾ ਜਨਮ ਦਿਵਸ ਧੂਮ-ਧਾਮ ਨਾਲ ਮਨਾਇਆ ਸੀ।

**ਤਲਵੰਡੀ ਸਾਬੋ ਵਿਖੇ ਬਾਬਾ ਦੀਪ ਸਿੰਘ ਜੀ** :- ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੀ ਜੰਗ ਤੋਂ ਬਾਅਦ ਜੰਗਲਾਂ ਦੇ ਵਿਚ ਦੀ ਹੁੰਦੇ ਹੋਏ ਪਿੰਡਾਂ ਵਿਚ ਠਹਿਰਦੇ ਹੋਏ ਤਲਵੰਡੀ ਸਾਬੋ ਪਹੁੰਚੇ ਅਤੇ ਇਸ ਜਗ੍ਹਾ 'ਤੇ ਆ ਕੇ ਟਿਕ ਗਏ ਅਤੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ, ਜਿਸ ਕਾਰਨ ਇਸ ਜਗ੍ਹਾ ਦਾ ਨਾਂ ਦਮਦਮਾ ਸਾਹਿਬ ਪੈ ਗਿਆ। ਤਲਵੰਡੀ ਸਾਬੋ ਵਿਖੇ ਅੱਜ ਜਿੱਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ, ਇਸ ਜਗ੍ਹਾ 'ਤੇ ਗੁਰੂ ਜੀ ਦਰਬਾਰ ਸਜਾਇਆ ਕਰਦੇ ਸਨ। ਇਸੇ ਜਗ੍ਹਾ 'ਤੇ ਮਾਤਾ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਪੁੱਛਿਆ ਸੀ। ਤਲਵੰਡੀ ਸਾਬੋ ਵਿਚ ਗੁਰੂ ਸਾਹਿਬ ਦੇ ਕਾਫ਼ੀ ਸਮਾਂ ਟਿਕੇ ਰਹਿਣ ਕਰਕੇ ਇਸ ਜਗ੍ਹਾ ਦੇ ਕਈ ਸਥਾਨ ਗੁਰੂ ਸਾਹਿਬ ਦੀਆਂ ਯਾਦਾਂ ਨਾਲ ਜੁੜੇ ਹੋਏ ਹਨ ਅਤੇ ਸਿੱਖ ਦੂਰੋਂ-ਦੂਰੋਂ ਚੱਲ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਇਸ ਜਗ੍ਹਾ 'ਤੇ ਆਉਂਦੇ ਸਨ। ਉੱਚ-ਕੋਟੀ ਦੇ ਵਿਦਵਾਨ, ਨਾਮ-ਅਭਿਆਸੀ, ਕੁਰਬਾਨੀ ਦੇ ਪੁੰਜ, ਧਰਮੀ ਸੂਰਬੀਰ, ਸਿੱਖ ਪੰਥ ਦੇ ਅਣਖੀਲੇ ਜਥੇਦਾਰ ਬਾਬਾ ਦੀਪ ਸਿੰਘ ਜੀ ਵੀ ਇਸ ਜਗ੍ਹਾ 'ਪੁਰ ਗੁਰੂ ਜੀ ਪਾਸ ਰਹਿਣ ਲੱਗੇ।

**ਗੁਰਦੁਆਰਾ ਲਿਖਣਸਰ ਸਾਹਿਬ ਤਲਵੰਡੀ ਸਾਬੋ** :- ਦਮਦਮਾ ਸਹਿਬ ਵਿਚ ਰਹਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸਰੋਵਰ ਦੇ ਕੰਢੇ ਬੈਠ ਕੇ ਭਾਈ ਮਨੀ ਸਿੰਘ ਜੀ ਤੋਂ ਬਾਣੀ ਲਿਖਵਾਉਂਦੇ ਸਨ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾਂ ਦਰਜ ਬਾਣੀ ਦੇ ਨਾਲ ਪਿਤਾ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਸ ਸਥਾਨ 'ਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਇਸ ਕਾਰਜ ਲਈ ਬਾਬਾ ਦੀਪ ਸਿੰਘ ਜੀ ਕਲਮਾਂ ਘੜ ਕੇ ਦੇਣ ਦੀ ਸੇਵਾ ਕਰਦੇ ਸਨ। ਲਿਖਾਈ ਦਾ ਕੰਮ ਕਠਿਨ ਕਾਰਜ ਸੀ, ਜਿਸ ਵਿਚ ਅਨੇਕਾਂ ਕਲਮਾਂ, ਕਾਗਜ਼ ਤੇ ਸਿਆਹੀ ਦੀ ਵਰਤੋਂ ਹੋਈ। ਲਿਖਾਈ ਕਰਦਿਆਂ ਜਿਸ ਕਲਮ ਦਾ ਮੂੰਹ ਘਸ ਜਾਂਦਾ ਸੀ, ਗੁਰੂ ਜੀ ਉਸ ਕਲਮ ਨੂੰ ਦੁਬਾਰਾ ਨਹੀਂ ਘੜਾਉਂਦੇ ਸਨ ਉਸ ਨੂੰ ਸੰਭਾਲ ਕੇ ਰੱਖ ਲੈਂਦੇ ਸਨ। ਲਿਖਾਈ ਦੇ ਕਾਰਜ ਦੀ ਸੰਪੂਰਨਤਾ ਉਪਰੰਤ ਇਸ ਪ੍ਰਕਾਰ ਦੀਆਂ ਘਸੀਆਂ ਕਲਮਾਂ ਅਤੇ ਬਚੀ ਸਿਆਹੀ ਨੂੰ ਗੁਰੂ ਜੀ ਨੇ ਮੌਜੂਦਾ ਲਿਖਣਸਰ ਸਰੋਵਰ ਵਿਚ ਜਲ ਪ੍ਰਵਾਹ ਕਰ ਦਿੱਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਫੁਰਮਾਇਆ ਕਿ ਇਹ ਸਥਾਨ ਗੁਰੂ ਕੀ ਕਾਸ਼ੀ ਹੈ ਭਾਵ ਦਮਦਮਾ ਸਾਹਿਬ ਗੁਰਮਤਿ ਦੇ ਗਿਆਨ ਦਾ ਖੇਤਰ ਹੋਵੇਗਾ ਜਿੱਥੇ ਗੁਰਮਤਿ ਵਿਚ ਪ੍ਰਬੁੱਧ ਵਿਦਵਾਨ ਲਿਖਾਰੀ ਪੈਦਾ ਹੋਣਗੇ। ਬਾਬਾ ਦੀਪ ਸਿੰਘ ਜੀ ਨੇ ਇਸ ਸਥਾਨ 'ਤੇ ਸੰਪਰਦਾਈ ਗਿਆਨੀਆਂ ਦੀ ਟਕਸਾਲ ਕਾਇਮ ਕੀਤੀ। ਗੁਰੂ ਜੀ ਦੇ ਅਸ਼ੀਰਵਾਦ ਦਾ ਜ਼ਿਕਰ ਅਨੇਕਾਂ ਇਤਿਹਾਸਕ ਗ੍ਰੰਥਾਂ ਅੰਦਰ ਮਿਲਦਾ ਹੈ, ਜਿਵੇਂ:

**ਇਹ ਪ੍ਰਗਟ ਹਮਾਰੀ ਕਾਸ਼ੀ। ਪੜਹੈ ਇਹਾਂ ਢੋਰ ਮਤਿ ਰਾਸੀ।**
**ਲੇਖਕ ਗੁਣੀ ਕਵਿੰਦ ਗਿਆਨੀ। ਬੁਧਿ ਸਿੰਧ ਹ੍ਵੈ ਹੈਂ ਇਤਿ ਆਨੀ।**
**ਤਿਨ ਕੇ ਕਾਰਨ ਕਲਮ ਘਢ ਦੇਤ ਪ੍ਰਗਟ ਹਮ ਡਾਰ।**
**ਸਿਖ ਸਖਾ ਇਤ ਪੜੈਂਗੇ ਹਮਰੇ ਕਈ ਹਜਾਰ।**
**(ਭਾਈ ਸੁੱਖਾ ਸਿੰਘ ਗੁਰਬਿਲਾਸ ਪਾਤਸ਼ਾਹੀ ਦਸਵੀਂ,**
**ਸਫ਼ਾ ੩੬੧-੬੨)**

ਅੱਜਕਲ੍ਹ ਇਸ ਸਥਾਨ 'ਤੇ ਗੁਰਦੁਆਰਾ ਲਿਖਣਸਰ ਸਾਹਿਬ ਸੁਸ਼ੋਭਿਤ ਹੈ ਜਿੱਥੇ ਅਨੇਕਾਂ ਪ੍ਰਾਣੀ ਗੁਰਮੁਖੀ ਦੀ ਵਰਣਮਾਲਾ ਲਿਖ ਕੇ ਵਿੱਦਿਆ ਦੀ ਪ੍ਰਾਪਤੀ ਲਈ ਅਰਦਾਸ ਕਰਦੇ ਹਨ।

**ਅਕਾਲਸਰ ਸਰੋਵਰ ਤਲਵੰਡੀ ਸਾਬੋ** :- ਇਹ ਇਤਿਹਾਸਕ ਸਰੋਵਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਦੇ ਨਾਲ ਅੱਠ-ਕੋਨੇ ਆਕਾਰ ਵਿਚ ਹੈ। ਇਸ ਸਰੋਵਰ ਵਿਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਸੀਂ ਇਸ਼ਨਾਨ ਕਰਿਆ ਕਰਦੇ ਸਨ। ਪ੍ਰਾਚੀਨ ਸਮੇਂ ਵਿਚ ਇਸ ਸਰੋਵਰ ਦੀ ਕਾਰ-ਸੇਵਾ ਬਾਬਾ ਦੀਪ ਸਿੰਘ ਜੀ ਨੇ ਕੀਤੀ ਸੀ। ਬਾਅਦ ਵਿਚ ਬਾਬਾ ਚੰਦਾ ਸਿੰਘ ਕੱਟੂ ਵਾਲਿਆਂ ਨੇ ਸਰੋਵਰ ਨੂੰ ਅੱਠ-ਕੋਨਾ ਪੱਕਾ ਬਣਵਾਇਆ ਸੀ।

**ਭੋਰਾ ਸਾਹਿਬ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ ਤਲਵੰਡੀ ਸਾਬੋ** :- ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਾਲ ਹੀ ਇਕ ਭੋਰਾ ਸਾਹਿਬ ਹੈ ਜਿੱਥੇ ਬਾਬਾ ਦੀਪ ਸਿੰਘ ਜੀ ਇਕਾਂਤ ਵਿਚ ਬੈਠ ਕੇ ਨਾਮ ਸਿਮਰਨ ਕਰਿਆ ਕਰਦੇ ਸਨ। ਇੱਥੇ ਹੀ ਬਾਬਾ ਜੀ ਆਪਣੀ ਰਿਹਾਇਸ਼ ਰੱਖਦੇ ਸਨ। ਇਹ ਭੋਰਾ ਬਾਬਾ ਦੀਪ ਸਿੰਘ ਜੀ ਨੇ ਆਪ ਬਣਾਇਆ ਹੈ। ਇਸ ਭੋਰਾ ਸਾਹਿਬ ਦੀ ਬਣਤਰ ਖਾਸ ਕਿਸਮ ਦੀ ਹੈ ਜੋ ਆਪਣੇ ਆਪ ਵਿਚ ਇਮਾਰਤ ਕਲਾ ਦਾ ਇਕ ਉੱਤਮ ਨਮੂਨਾ ਹੈ। ਸੁਰੱਖਿਆ ਦੇ ਪੱਖ ਤੋਂ ਬਹੁਤ ਹੀ ਉੱਤਮ ਹੈ। ਇਸ ਵਿਚ ਬੈਠੇ ਵਿਅਕਤੀ ਦੀਆਂ ਨਜ਼ਰਾਂ ਤੋਂ ਇਸ ਪਾਸੇ ਕਿੱਧਰੋਂ ਵੀ ਆਉਣ ਵਾਲਾ ਕੋਈ ਵਿਅਕਤੀ ਬਚ ਨਹੀਂ ਸਕਦਾ। ਇਸ ਭੋਰੇ ਦੇ ਦਰਸ਼ਨ ਕਰ ਕੇ ਬਾਬਾ ਦੀਪ ਸਿੰਘ ਜੀ ਦਾ ਨਾਮ-ਸਿਮਰਨ ਨਾਲ ਪਿਆਰ ਅਤੇ ਉਨ੍ਹਾਂ ਦੇ ਜੀਵਨ-ਢੰਗ ਬਾਰੇ ਜਾਣਿਆ ਜਾ ਸਕਦਾ ਹੈ।

**ਖੂਹ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ** :- ਤਲਵੰਡੀ ਸਾਬੋ ਦੇ ਇਲਾਕੇ ਦਾ ਪਾਣੀ ਬਹੁਤ ਖਾਰਾ ਸੀ ਅਤੇ ਇਹ ਪੀਣ ਦੇ ਲਾਇਕ ਨਹੀਂ ਸੀ। ਇਲਾਕੇ ਦੇ ਲੋਕਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਇਸ ਮੁਸ਼ਕਲ ਬਾਰੇ ਬੇਨਤੀ ਕੀਤੀ। ਲੋਕਾਂ ਦੀ ਮੁਸ਼ਕਲ ਦੇ ਹੱਲ ਲਈ ਬਾਬਾ ਦੀਪ ਸਿੰਘ ਜੀ ਨੇ ਅਕਾਲ ਪੁਰਖ ਅੱਗੇ ਅਰਦਾਸ ਕਰ ਕੇ ਇਕ ਖੂਹ ਖੁਦਵਾਇਆ ਜਿਸ ਦਾ ਪਾਣੀ ਬਹੁਤ ਮਿੱਠਾ ਨਿਕਲਿਆ। ਅੱਜ ਵੀ ਇਸ ਖੂਹ ਨੇ ਬਾਬਾ ਜੀ ਦੀ ਯਾਦ ਨੂੰ ਸੰਭਾਲਿਆ ਹੋਇਆ ਹੈ ਜਿਸ ਦਾ ਪਾਣੀ ਪੂਰੇ ਗੁਰਦੁਆਰਾ ਕੰਪਲੈਕਸ ਵਿਚ ਵਰਤਿਆ ਜਾਂਦਾ ਹੈ। ਇਸ ਖੂਹ ਨੂੰ ਬਾਬਾ ਦੀਪ ਸਿੰਘ ਜੀ ਵਾਲਾ ਖੂਹ ਕਿਹਾ ਜਾਂਦਾ ਹੈ। ਇਹ ਖੂਹ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਅੰਦਰ ਪ੍ਰਵੇਸ਼ ਕਰਦਿਆਂ ਹੀ ਸੱਜੇ ਪਾਸੇ ਸੁਸ਼ੋਭਿਤ ਹੈ। ਇਸ ਖੂਹ ਨੂੰ ਸ਼ਹੀਦਾਂ ਵਾਲਾ ਖੂਹ ਵੀ ਕਿਹਾ ਜਾਂਦਾ ਹੈ।

**ਬੁਰਜ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ** :- ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਦੇ ਨਾਲ ਜੀ ਉੱਚਾ ਬੁਰਜ ਨਜ਼ਰ ਆਉਂਦਾ ਹੈ। ਇਹ ਵੀ ਬਾਬਾ ਦੀਪ ਸਿੰਘ ਜੀ ਨੇ ਬਣਵਾਇਆ ਸੀ। ਇਸ ਬੁਰਜ ਤੋਂ ਪੂਰਾ ਨਗਰ ਨਜ਼ਰ ਆਉਂਦਾ ਹੈ ਜਿਸ ਕਾਰਨ ਸੁਰੱਖਿਆ ਦੇ ਪੱਖੋਂ ਇਹ ਬੁਰਜ ਬਹੁਤ ਮਹੱਤਤਾ ਰੱਖਦਾ ਹੈ। ਗਰਮੀਆਂ ਦੇ ਦਿਨਾਂ ਵਿਚ ਇਹ ਬੁਰਜ ਠੰਡੀ ਹਵਾ ਲੈਣ ਦਾ ਸਾਧਨ ਵੀ ਹੈ। ਬਾਬਾ ਜੀ ਇਸ ਸਥਾਨ 'ਤੇ ਰਹਿ ਕੇ ਲਿਖਾਰੀਆਂ ਨੂੰ ਗੁਰਮੁਖੀ ਦੀ ਸੁੰਦਰ ਲਿਖਾਈ ਲਿਖਣੀ ਸਿਖਾਉਂਦੇ ਸਨ। ਇੱਥੇ ਹੀ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ ਸਨ। ਇਹ ਬੁਰਜ ਗੜ੍ਹੀ ਦੀ ਸ਼ਕਲ ਦਾ ਬਣਿਆ ਹੋਇਆ ਹੈ ਜੋ ਕਿ ਅੱਠ-ਕੋਨੇ ਆਕਾਰ ਦਾ ਹੈ। ਇਸ ਬੁਰਜ ਦੀ ਉਚਾਈ ੭੦ ਫੁੱਟ ਦੇ ਲੱਗਭਗ ਹੈ।

**ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਸੋਲਖੀਆਂ (ਰੋਪੜ)** :- ਪਿੰਡ ਸੋਲਖੀਆਂ ਚੰਡੀਗੜ੍ਹ-ਰੋਪੜ ਮਾਰਗ 'ਤੇ ਸਥਿਤ ਹੈ। ਇਸ ਪਿੰਡ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਪ੍ਰੋ. ਗੰਡਾ ਸਿੰਘ ਅਨੁਸਾਰ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹਿੰਦ ਵਜ਼ੀਰ ਖ਼ਾਂ ਨੂੰ ਉਸ ਦੇ ਕੀਤੇ ਅੱਤਿਆਚਾਰਾਂ ਦੀ ਸਜ਼ਾ ੧੭੧੦ ਈ: ਵਿਚ ਸਰਹਿੰਦ 'ਤੇ ਹਮਲਾ ਕਰਕੇ ਉਸ ਨੂੰ ਪਾਰ ਬੁਲਾ ਕੇ ਦਿੱਤੀ। ਸਰਹਿੰਦ ਦੇ ਕਿਲ੍ਹੇ ਤੋਂ ਮੁਗ਼ਲਈ ਝੰਡਾ ਲਾਹ ਕੇ ਖਾਲਸਾਈ ਨਿਸ਼ਾਨ ਝੁਲਾ ਦਿੱਤੇ। ਚਪੜ-ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਗਹਿਗੱਚ ਲੜਾਈ ਸੂਬਾ ਸਰਹਿੰਦ ਨਾਲ ਹੋਈ ਤਾਂ ਇਸ ਯੁੱਧ ਵਿਚ ਬਾਬਾ ਦੀਪ ਸਿੰਘ ਜੀ ਨੇ ਵੀ ਆਪਣੇ ਜਥੇ ਸਮੇਤ ਸ਼ਮੂਲੀਅਤ ਕਰਕੇ ਵੈਰੀਆਂ ਦੇ ਐਸੇ ਦੰਦ ਖੱਟੇ ਕੀਤੇ ਕਿ ਮੁਗ਼ਲ ਫੌਜਾਂ ਨੂੰ ਭੱਜਦੀਆਂ ਨੂੰ ਰਾਹ ਨਹੀਂ ਸੀ ਲੱਭ ਰਿਹਾ। ਸਰਹਿੰਦ ਦੀ ਫ਼ਤਿਹ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਵਾਪਿਸ ਜਾਂਦੇ ਸਮੇਂ ਆਪਣੇ ਜਥੇ ਨਾਲ ਪਿੰਡ ਸੋਲਖੀਆਂ ਵਿਚ ਠਹਿਰੇ ਸਨ ਅਤੇ ਇਕ ਦਿਨ ਵਿਸ਼ਰਾਮ ਕੀਤਾ। ਇਸ ਯਾਦ ਨੂੰ ਪਿੰਡ ਵਾਸੀਆਂ ਨੇ ਆਪਣੇ ਦਿਲ ਵਿਚ ਸਾਂਭ ਕੇ ਰੱਖਿਆ ਹੋਇਆ ਹੈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਯਾਦ ਨੂੰ ਤਾਜ਼ਾ ਰੱਖਣ ਲਈ ਗੁਰਦੁਆਰਾ ਸਾਹਿਬ ਸੁਸ਼ੋਭਿਤ ਕੀਤਾ ਹੈ। ਇਸ ਸਥਾਨ 'ਤੇ ਪਹਿਲਾਂ ਜੰਗਲ ਬੀਆਬਾਨ ਸੀ। ਸੰਨ ੧੯੬੯ ਈ: ਵਿਚ ਇਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦਾ ਨੀਂਹ-ਪੱਥਰ ਰੱਖਿਆ ਗਿਆ। ਅੱਜਕਲ੍ਹ ਇਸ ਸਥਾਨ ਦੀ ਸੇਵਾ ਬਾਬਾ ਨਿਹਾਲ ਸਿੰਘ ਜੀ ਨਿਹੰਗ ਸਿੰਘ ਜਥੇਦਾਰ ਹਰੀਆਂ ਵੇਲਾਂ ਵਾਲੇ ਕਰ ਰਹੇ ਹਨ। ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਮਤਿ ਵਿਦਿਆਲਾ ਵੀ ਚਲਾਇਆ ਜਾ ਰਿਹਾ ਹੈ। ਇਸ ਸਥਾਨ 'ਤੇ ਫਰਵਰੀ ਦੇ ਮਹੀਨੇ ਵਿਚ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦੀ ਯਾਦ ਵਿਚ ਸਾਲਾਨਾ ਸਮਾਗਮ ਮਨਾਏ ਜਾਂਦੇ ਹਨ।

**ਗੁਰਦੁਆਰਾ ਲਕੀਰ ਸਾਹਿਬ ਤਰਨਤਾਰਨ** :- ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ 'ਤੇ ਜਬਰ ਜ਼ੁਲਮ ਦਾ ਦੌਰ ਸ਼ੁਰੂ ਹੋ ਗਿਆ। ਸਿੰਘ ਜੰਗਲਾਂ-ਪਹਾੜਾਂ ਵਿਚ ਚਲੇ ਗਏ। ਅਹਿਮਦ ਸ਼ਾਹ ਅਬਦਾਲੀ ਨੇ ੧੭੫੬-੫੭ ਈ: ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਢਾਹ-ਢੇਰੀ ਕਰ ਦਿੱਤਾ, ਪਵਿੱਤਰ ਸਰੋਵਰ ਨੂੰ ਪੂਰ ਦਿੱਤਾ। ਇਸ ਸਥਾਨ 'ਤੇ ਮੁਸਲਮਾਨ ਸਿਪਾਹੀਆਂ ਨੇ ਕਬਜ਼ਾ ਕਰ ਕੇ ਆਮ ਜਨਤਾ ਦਾ ਆਉਣਾ-ਜਾਣਾ ਬੰਦ ਕਰ ਦਿੱਤਾ ਸੀ। ਇਸ ਗੱਲ ਦਾ ਪਤਾ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਜਥੇਦਾਰ ਭਾਗ ਸਿੰਘ ਤੋਂ ਲੱਗਾ ਤਾਂ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਮੁਗ਼ਲ ਸਿਪਾਹੀਆਂ ਹੱਥੋਂ ਅਜ਼ਾਦ ਕਰਵਾਉਣ ਲਈ ਅਰਦਾਸਾ ਸੋਧਿਆ ਕਿ ਜੇਕਰ ਇਸ ਮੰਤਵ ਨੂੰ ਪੂਰਾ ਕਰਦਿਆਂ ਸ਼ਹੀਦੀ ਪ੍ਰਾਪਤ ਹੋਵੇ ਤਾਂ ਉਹ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਹੀ ਹੋਵੇ। ਬਾਬਾ ਜੀ ਦੀ ਉਮਰ ਇਸ ਵੇਲੇ ੭੯ ਸਾਲ ਦੀ ਸੀ। ਬਾਬਾ ਜੀ ਆਪਣੇ ਸਾਥੀ ਸਿੰਘਾਂ ਸਮੇਤ ਤਲਵੰਡੀ ਸਾਬੋ ਤੋਂ ਅੰਮ੍ਰਿਤਸਰ ਵੱਲ ਨੂੰ ਰਵਾਨਾ ਹੋ ਗਏ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

**ਅੰਮ੍ਰਿਤਸਰ ਗੁਰਦੁਆਰੇ ਕੇਰੀ। ਸੁਨੀ ਬਿਅਦਬੀ ਸਿੰਘਨ ਬਥੇਰੀ।**
**ਪੰਥ ਨਹੀਂ ਥਾ ਸਬ ਇਕ ਠੌਰੈਂ। ਸਨ ਸਿੰਘਨ ਪਛਤਾਵੈ ਗੌਰੈਂ।**
**ਮਿਸਲ ਸ਼ਹੀਦਨ ਕਾ ਸਰਦਾਰੈਂ। ਦੀਪ ਸਿੰਘ ਥਾ ਬਡੋ ਉਦਾਰੈਂ।**
**ਰਹਿਤ ਦਮਦਮੇ ਢਿਗ ਤਲਵੰਡੀ। ਤਿਸਕੋ ਚੰਡੀ ਅਧਕ ਸੁਨ ਚੰਡੀ।**
**ਸਭਾ ਮਧ ਉਨ ਐਸ ਉਚਾਰਾ। ਸੂਰਬੀਰ ਸਿੰਘ ਜੋ ਗੁਰ ਪਿਆਰਾ।**
**ਧਰਮ ਰਖਯੋ ਚਿਹ ਜੋ ਗੁਰਦੁਆਰਾ। ਸੋ ਹਮਰੈ ਸੰਗ ਹੋਵੇ ਤਿਆਰਾ।**
**ਇਸ ਸੁਨ ਪੁਨ ਬਹੁ ਸਿੰਘਨ ਬਖਾਨਾ। ਹੇਤ ਧਰਮ ਹਮ ਦੈਹੈ ਜਾਨਾ।**
**ਸਿੰਘ ਜੀ ਖੁਸਿ ਹਵੈ ਪਾਠ ਕਰਾਯੋ। ਭੋਗ ਪਾਇ ਕੰਗਨਾ ਬੰਧਵਾਯੋ।**

**(ਪੰਥ ਪ੍ਰਕਾਸ਼, ਸਫ਼ਾ ੬੧੩)**

ਆਪ ਨੇ ਆਪਣੀ ਜਗ੍ਹਾ ਭਾਈ ਨੱਥਾ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਸੌਂਪ ਕੇ ਸ਼ਹੀਦ ਹੋਣ ਦੇ ਇਰਾਦੇ ਨਾਲ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ। ਉਸ ਸਮੇਂ ਆਪ ਜੀ ਦੇ ਨਾਲ ਸਿਰਫ਼ ਪੰਜ ਸੌ ਸਿੰਘਾਂ ਦਾ ਜਥਾ ਸੀ। ਰਸਤੇ ਵਿਚ ਲਾਗਲੇ ਪਿੰਡਾਂ ਜੋਗਾ, ਦੋਰਾਜ, ਭੁੱਚੋ, ਗੋਬਿੰਦਪੁਰਾ, ਲੱਖੀ ਜੰਗਲ, ਬਹਿਮਾਨ, ਮਾਹਨਵਾਲ, ਕੋਟ, ਪੰਜੋ ਕੇ, ਗੁਰੂ ਚੌਤਰਾਂ, ਫੂਲ, ਮਹਿਰਾਜ, ਤੋਂ ਹੋਰ ਸਿੰਘ ਜਥੇ ਵਿਚ ਰਲਦੇ ਗਏ। ਇਸ ਤਰ੍ਹਾਂ ਤਰਨਤਾਰਨ ਪਹੁੰਚਣ ਤੀਕ ਆਪ ਜੀ ਨਾਲ ਪੰਜ ਹਜ਼ਾਰ ਜੁਝਾਰੂ ਸਿੰਘਾਂ ਦਾ ਜਥਾ ਬਣ ਗਿਆ ਸੀ। ਤਰਨਤਾਰਨ ਸਾਹਿਬ ਆ ਕੇ ਬਾਬਾ ਜੀ ਨੇ ਜੁਝਾਰੂ ਸਿੰਘਾਂ ਨੂੰ ਕਿਹਾ ਕਿ ਉਹ ਧਰਮ ਲਈ ਕੁਰਬਾਨ ਹੋਣ ਲਈ ਜਾ ਰਹੇ ਹਨ, ਜੇਕਰ ਕਿਸੇ ਨੂੰ ਜਾਨ ਪਿਆਰੀ ਹੈ ਉਹ ਵਾਪਿਸ ਚਲਾ ਜਾਵੇ ਅਤੇ ਜਿਸ ਨੇ ਜੂਝ ਕੇ ਸ਼ਹੀਦੀ ਪ੍ਰਾਪਤ ਕਰਨੀ ਹੈ ਉਹ ਹੀ ਉਨ੍ਹਾਂ ਦੇ ਨਾਲ ਆਵੇ। ਇਸ ਦੀ ਪਰਖ ਲਈ ਬਾਬਾ ਜੀ ਨੇ ਧਰਤੀ 'ਤੇ ਇਕ ਲਕੀਰ ਖਿੱਚ ਕੇ ਕਿਹਾ ਕਿ ਜਿਨ੍ਹਾਂ ਨੇ ਸ਼ਹੀਦੀ ਪ੍ਰਾਪਤ ਕਰਨੀ ਹੈ ਉਹ ਲਕੀਰ ਦੇ ਇਸ ਪਾਰ ਆ ਜਾਵੇ ਅਤੇ ਜਿਸ ਨੂੰ ਜਾਨ ਪਿਆਰੀ ਹੈ ਉਹ ਵਾਪਿਸ ਚਲਾ ਜਾਵੇ। ਤਸੱਲੀ ਵਾਲੀ ਗੱਲ ਸੀ ਕਿ ਸਾਰੇ ਸਿੰਘ ਲਕੀਰ ਟੱਪ ਗਏ। ਉਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਲਕੀਰ ਸਾਹਿਬ ਸੁਸ਼ੋਭਿਤ ਹੈ।

**ਗੁਰਦੁਆਰਾ ਲਲਕਾਰ ਸਾਹਿਬ, ਗੋਹਲਵੜ** :- ਬਾਬਾ ਦੀਪ ਸਿੰਘ ਜੀ ਆਪਣੇ ਸਿਰਲੱਥ ਯੋਧਿਆਂ ਨੂੰ ਨਾਲ ਲੈ ਇਸ ਸਥਾਨ 'ਤੇ ਡਟ ਗਏ। ਉਨ੍ਹਾਂ ਨੇ ਦੁਸ਼ਮਣ ਫੌਜਾਂ ਨੂੰ ਲਲਕਾਰਿਆ ਅਤੇ ਯੁੱਧ ਕਰਨ ਲਈ ਅੱਗੇ ਆਉਣ ਲਈ ਕਿਹਾ। ਬਾਬਾ ਜੀ ਦੀ ਇਸ ਯਾਦ ਵਿਚ ਇੱਥੇ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ।

**ਗੁਰਦੁਆਰਾ ਟਾਹਲਾ ਸਾਹਿਬ** :- ਉਧਰ ਲਾਹੌਰ ਦੇ ਸੂਬੇ ਨੂੰ ਵੀ ਖ਼ਬਰ ਲੱਗ ਗਈ ਕਿ ਸਿੱਖ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ। ਹਾਜੀ ਅਤਾਈ ਖਾਨ ਗਸ਼ਤੀ ਫੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਚੱਕਰ ਲਗਾ ਰਿਹਾ ਸੀ। ਅੰਮ੍ਰਿਤਸਰ ਪਹੁੰਚ ਕੇ ਸਿੱਖਾਂ ਨੂੰ ਦਬਾਉਣ ਦਾ

ਹੁਕਮ ਹੋਇਆ। ਉਧਰੋਂ ਸੂਬੇ ਨੇ ਢੋਲ ਵਜਵਾ ਕੇ ਲਾਹੌਰ ਵਿਚ ਜਹਾਦ ਦਾ ਐਲਾਨ ਕਰਵਾ ਦਿੱਤਾ ਅਤੇ ਸਾਰੇ ਮੋਮਨਾਂ ਨੂੰ ਨਿੱਤਰਨ ਲਈ ਵੰਗਾਰਿਆ। ਲਾਹੌਰ ਦਾ ਫੌਜਦਾਰ ਜਹਾਨ ਖਾਨ ਦੋ ਹਜ਼ਾਰ ਸਵਾਰ ਲੈ ਕੇ ਅੰਮ੍ਰਿਤਸਰ ਵੱਲ ਚੱਲ ਪਿਆ। ਦੋਹਾਂ ਦਲਾਂ ਦਾ ਗੋਹਲਵੜ ਨੇੜੇ ਟਾਕਰਾ ਹੋ ਗਿਆ। ਸਿੰਘਾਂ ਨੇ ਅਜਿਹੀ ਸੂਰਬੀਰਤਾ ਵਿਖਾਈ ਕਿ ਸ਼ਾਹੀ ਫੌਜ ਵਿਚ ਭਾਜੜ ਪੈ ਗਈ। ਪਰ ਏਨੇ ਚਿਰ ਵਿਚ ਹਾਜ਼ੀ ਅਤਾਈ ਖਾਨ ਵੀ ਫੌਜ ਅਤੇ ਤੋਪਾਂ ਲੈ ਕੇ ਪਹੁੰਚ ਗਿਆ। ਬੜੇ ਘਮਸਾਣ ਦੀ ਲੜਾਈ ਹੋਈ। ਸਿੰਘਾਂ ਨੇ ਅੰਮ੍ਰਿਤਸਰ ਪੁੱਜਣ ਦੀ ਕੋਸ਼ਿਸ਼ ਵਿਚ ਅਜਿਹੀ ਤਲਵਾਰ ਚਮਕਾਈ ਅਤੇ ਬਹਾਦਰੀ ਵਿਖਾਈ ਕਿ ਛੇ ਕੋਹ ਵਿਚ ਲਾਸ਼ਾਂ ਦੇ ਢੇਰ ਲੱਗ ਗਏ। ਸਾਰੀ ਧਰਤੀ ਖੂਨੋ-ਖੂਨ ਹੋ ਗਈ। ਗੋਹਲਵੜ ਵਾਲੀ ਥਾਂ 'ਤੇ ਜਿੱਥੋਂ ਬਾਬਾ ਦੀਪ ਸਿੰਘ ਜੀ ਦੀ ਮੁਗ਼ਲਾਂ ਨਾਲ ਲੜਾਈ ਸ਼ੁਰੂ ਹੋਈ ਉਸ ਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਟਾਹਲਾ ਸਾਹਿਬ ਸੁਸ਼ੋਭਿਤ ਹੈ।

**ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਅੰਮ੍ਰਿਤਸਰ** :- ਅੰਮ੍ਰਿਤਸਰ ਦੇ ਬਾਹਰ ਰਾਮਸਰ ਦੇ ਪਾਸ ਬਾਬਾ ਦੀਪ ਸਿੰਘ ਜੀ ਨੂੰ ਧੌਣ 'ਤੇ ਤਲਵਾਰ ਦਾ ਜ਼ਬਰਦਸਤ ਮਾਰੂ ਵਾਰ ਹੋਇਆ। ਉਨ੍ਹਾਂ ਦਾ ਸੀਸ ਡਿੱਗਣ ਹੀ ਲੱਗਾ ਸੀ ਕਿ ਪਾਸੋਂ ਇਕ ਸਿੰਘ ਨੇ ਪਿਆਰ ਨਾਲ ਕਿਹਾ, 'ਬਾਬਾ ਜੀ ! ਤੁਸੀਂ ਅਰਦਾਸਾ ਤਾਂ ਸੋਧਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਸ਼ਹੀਦ ਹੋਈਏ ਪਰ ਆਪ ਉਰੇ ਹੀ ਫ਼ਤਹ ਗਜਾ ਚਲੇ ਹੋ !' ਇਹ ਸੁਣ ਕੇ ਬਾਬਾ ਜੀ ਨੇ ਸੀਸ ਨੂੰ ਖੱਬੇ ਹੱਥ ਨਾਲ ਸਾਂਭਿਆ ਅਤੇ ਸੱਜੇ ਹੱਥ ਨਾਲ ੮ ਸੇਰ (ਕੱਚਾ) ਦਾ ਖੰਡਾ ਵਾਹੁੰਦੇ ਤੇ ਵੈਰੀਆਂ ਦੇ ਆਹੂ ਲਾਹੁੰਦੇ ਸ੍ਰੀ ਦਰਬਾਰ ਸਾਹਿਬ ਵੱਲ ਚੱਲ ਪਏ। ਇਸ ਜਗ੍ਹਾ 'ਤੇ ਬਾਬਾ ਜੀ ਦੀ ਬੇਮਿਸਾਲ ਸੂਰਮਗਤੀ ਦੀ ਇਤਿਹਾਸਕ ਯਾਦ ਵਿਚ ਅੰਮ੍ਰਿਤਸਰ ਦੇ ਚਾਟੀਵਿੰਡ ਦਰਵਾਜ਼ੇ ਦੇ ਨੇੜੇ ਗੁਰਦੁਆਰਾ ਰਾਮਸਰ ਸਾਹਿਬ ਦੇ ਪਾਸ ਬਾਬਾ ਦੀਪ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਬਣਿਆ ਪ੍ਰਸਿੱਧ ਗੁਰਦੁਆਰਾ ਸਾਹਿਬ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਸੁਸ਼ੋਭਿਤ ਹੈ। ਇੱਥੇ ਹੀ ਬਾਬਾ ਜੀ ਦੇ ਮ੍ਰਿਤਕ ਸਰੀਰ ਦਾ ਦਾਹ ਸੰਸਕਾਰ ਕੀਤਾ ਗਿਆ ਸੀ। ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਯਾਦ ਵਿਚ ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਸ਼ਹੀਦ ਗੰਜ ਦੀ ਸਿਰਜਣਾ ਕਰਵਾਈ ਸੀ। ਬਾਅਦ ਵਿਚ ਪੰਥ ਦੇ ਮਹਾਨ ਜਰਨੈਲ ਅਕਾਲੀ ਫੂਲਾ ਸਿੰਘ ਨੇ ਸ਼ਹੀਦ ਗੰਜ ਨੂੰ ਯਾਦਗਾਰੀ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਵਿਕਸਿਤ ਕੀਤਾ। ਇਸ ਸਥਾਨ ਦਾ ਪ੍ਰਬੰਧ ਪਹਿਲਾਂ ਸ਼ਹੀਦ ਮਿਸਲ ਦੇ ਸਰਦਾਰ ਕਰਦੇ ਸਨ। ੩੧ ਅਕਤੂਬਰ ੧੯੨੪ ਈ: ਵਿਚ ਇਸ ਇਤਿਹਾਸਕ ਸਥਾਨ ਦਾ ਪ੍ਰਬੰਧ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ ਜਿਸ ਨੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਨੂੰ ਆਧੁਨਿਕ ਦਿਖ ਪ੍ਰਦਾਨ ਕੀਤੀ ਹੈ।

**ਬੁੰਗਾ ਬਾਬਾ ਦੀਪ ਸਿੰਘ ਜੀ, ਅੰਮ੍ਰਿਤਸਰ** :- ਬਾਬਾ ਦੀਪ ਸਿੰਘ ਜੀ ਨੂੰ ਰੋਕਣ ਲਈ ਭਾਰੀ ਮੁਗ਼ਲ ਫੌਜ ਭੇਜੀ ਗਈ ਪਰੰਤੂ ਸਿੰਘਾਂ ਦੇ ਜੋਸ਼ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਪਰਕਰਮਾਂ ਵਿਚ ਪਹੁੰਚ ਕੇ ਆਪਣਾ ਸੀਸ ਗੁਰੂ ਦੇ ਚਰਨਾਂ ਵਿਚ ਭੇਟ ਕਰ ਪ੍ਰਾਣ ਤਿਆਗ ਦਿੱਤੇ। ਇਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਬੁੰਗਾ ਬਾਬਾ ਦੀਪ ਸਿੰਘ ਬਣਿਆ ਹੋਇਆ ਹੈ।

ਥੜ੍ਹਾ ਸਾਹਿਬ ਸ਼ਹੀਦਾਂ, ਅੰਮ੍ਰਿਤਸਰ :– ਬਾਬਾ ਦੀਪ ਸਿੰਘ ਜੀ ਦੀ ਤਰ੍ਹਾਂ ਹੀ ਜਥੇਦਾਰ ਰਾਮ ਸਿੰਘ ਵੈਰੀਆਂ ਨੂੰ ਮਾਰ ਕੇ ਸ਼ਹੀਦ ਹੋ ਗਿਆ, ਜਿਨ੍ਹਾਂ ਦਾ ਸ਼ਹੀਦ ਗੰਜ ਰਾਮਗੜ੍ਹੀਆਂ ਦੇ ਕੱਟੜੇ ਵਿਚ ਹੈ। ਬਾਬਾ ਸੱਜਣ ਸਿੰਘ, ਬਾਬਾ ਬਹਾਦਰ ਸਿੰਘ ਤੇ ਕਈ ਹੋਰ ਸਿੰਘ ਗੁਰੂ ਦੇ ਬਾਗ ਵਿਚ ਲੜਦੇ ਸ਼ਹੀਦ ਹੋ ਗਏ, ਉਨ੍ਹਾਂ ਦਾ ਸਥਾਨ ਬਾਗ਼ ਵਿਚ ਹੈ। ਬਾਗ਼ ਦੀ ਜਗ੍ਹਾ ਅੱਜਕਲ੍ਹ ਦੀਵਾਨ ਹਾਲ ਮੰਜੀ ਸਾਹਿਬ ਬਣ ਗਿਆ ਹੈ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਮੰਜੀ ਸਾਹਿਬ ਦੇ ਨੇੜੇ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ, ਜਿਸ ਦੇ ਥੜ੍ਹੇ ਉੱਪਰ ਹੇਠ ਲਿਖੇ ਸਿੰਘਾਂ ਦੇ ਨਾਮ ਲਿਖੇ ਹੋਏ ਹਨ :

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

**ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ** :- ਜਦੋਂ ਇਸ ਲੜਾਈ ਦਾ ਹਾਲ ਬਾਬਾ ਗੁਰਬਖਸ਼ ਸਿੰਘ ਅਤੇ ਬਾਬਾ ਦਰਗਾਹ ਸਿੰਘ ਨੇ ਸੁਣਿਆ ਤਾਂ ਉਹ ਉਸੇ ਵੇਲੇ ਆਨੰਦਪੁਰ ਸਾਹਿਬ ਤੋਂ ਦੋ ਹਜ਼ਾਰ ਸਵਾਰ ਲੈ ਕੇ ਚੜ੍ਹ ਆਏ ਤੇ ਵੈਰੀਆਂ ਨਾਲ ਲੜਦੇ-ਭਿੜਦੇ ਅੰਮ੍ਰਿਤਸਰ ਪਹੁੰਚ ਗਏ। ਸਿੰਘਾਂ ਨੂੰ ਪਵਿੱਤਰ ਗੁਰ-ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਦੇਖ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਰਾਤ ਨੂੰ ਛਾਪੇ ਮਾਰ ਕੇ ਵੈਰੀਆਂ ਦੇ ਥਾਣੇ ਤਹਿਸੀਲਾਂ ਸਭ ਸਾੜ ਦਿੱਤੀਆਂ। ਸਿੰਘਾਂ ਦੇ ਮੁਕਾਬਲੇ ਲਈ ਹੋਰ ਮੁਗ਼ਲ ਫੌਜਾਂ ਬੁਲਾ ਲਈਆਂ ਗਈਆਂ ਅਤੇ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਦਾ ਹੁਕਮ ਦੇ ਦਿੱਤਾ। ਸ਼ਾਹ ਨਾਜ਼ਮ ਦੀਨ, ਸਰ ਬੁਲੰਦ ਖਾਨ, ਜਾਬਰ ਖਾਨ, ਜਾਲਮ ਖਾਨ ਆਦਿ ਫੌਜਦਾਰ ੨੦ ਹਜ਼ਾਰ ਲੜਾਕੇ ਪਠਾਣਾਂ ਨੂੰ ਲੈ ਕੇ ਮੈਦਾਨ ਵਿਚ ਆ ਗਏ। ਉਧਰ ੯ ਮੱਘਰ ੧੮੧੮ ਬਿਕ੍ਰਮੀ ਨੂੰ ਜਥੇਦਾਰ ਗੁਰਬਖਸ਼ ਸਿੰਘ ਆਦਿ ਦੁਸ਼ਮਣ ਦੀ ਚੜ੍ਹਾਈ ਸੁਣ ਕੇ ਧਰਮ-ਯੁੱਧ ਲਈ ਅਰਦਾਸ ਕਰ ਕੇ ਸ਼ਹੀਦ ਹੋਣ ਲਈ ਤਿਆਰ ਹੋ ਬੈਠੇ। ਦਿਨ ਚੜ੍ਹਦੇ ਤਕ ਪਠਾਣਾਂ ਦੀ ਵੱਡੀ ਕਾਫੀ ਫੌਜ ਅੰਮ੍ਰਿਤਸਰ ਪਹੁੰਚ ਗਈ। ਸ੍ਰੀ ਅੰਮ੍ਰਿਤਸਰ ਸਰੋਵਰ ਦੇ ਪਿਛਲੇ ਪਾਸੇ ਬੜੀ ਭਿਆਨਕ ਲੜਾਈ ਹੋਈ, ਜਿਸ ਵਿਚ ਬਾਬਾ ਗੁਰਬਖਸ਼ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਬਸੰਤ ਸਿੰਘ ਆਦਿ ਵੱਡੇ ਜਥੇਦਾਰ ਸ਼ਹੀਦ ਹੋ ਗਏ। ਦੁਰਾਨੀਆਂ ਦੀ ਫੌਜ ਪਿੱਛੋਂ ਹੋਰ ਆਉਂਦੀ ਗਈ ਤਾਂ ਸਿੰਘ ਬਸਰਾ ਦੇ ਜੰਗਲਾਂ ਵਿਚ ਚਲੇ ਗਏ ਅਤੇ ਦੁਰਾਨੀ ਮੈਦਾਨ ਖ਼ਾਲੀ ਦੇਖ ਕੇ ਅੰਮ੍ਰਿਤਸਰ ਵਿਚ ਖੜਦੁੰਮ ਮਚਾ ਕੇ ਵਾਪਸ ਚਲੇ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਬਾਬਾ ਬਸੰਤ ਸਿੰਘ ਦੇ ਥੜ੍ਹੇ ਦੇ ਪਾਸ ਬਾਬਾ ਗੁਰਬਖਸ਼ ਸਿੰਘ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਬਾਬਾ ਨਿਹਾਲ ਸਿੰਘ ਚੁਰਸਤੀ ਅਟਾਰੀ ਦੇ ਪਾਸ ਸ਼ਹੀਦ ਹੋਏ ਸਨ, ਜਿਸ ਜਗ੍ਹਾ 'ਤੇ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ। ਇਹ ਸਥਾਨ ਹੁਣ ਅੰਮ੍ਰਿਤਸਰ ਵਿਚ ਸ਼ਹੀਦ ਗੰਜ ਦੇ ਨਾਂ ਨਾਲ ਮਸ਼ਹੂਰ ਹੈ।

3 ਫਰਵਰੀ ਲਈ ਪ੍ਰਕਾਸ਼ ਦਿਹਾੜੇ 'ਤੇ

# ਸੱਤਵੇਂ ਨਾਨਕ ਸ੍ਰੀ ਗੁਰੂ ਹਰਿਰਾਇ ਸਾਹਿਬ



ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ। ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ, ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ ਅਤੇ (ਗੁਰੂ) ਤੇਗ਼ ਬਹਾਦਰ ਜੀ। ਬਾਬਾ ਗੁਰਦਿੱਤਾ ਦੇ ਦੋ ਸਪੁੱਤਰ ਸਨ-ਬਾਬਾ ਧੀਰਮੱਲ ਅਤੇ (ਗੁਰੂ) ਹਰਿਰਾਇ ਜੀ। (ਗੁਰੂ) ਹਰਿਰਾਇ ਸਾਹਿਬ ਦਾ ਪ੍ਰਕਾਸ਼ 20 ਮਾਘ ਸੰਮਤ 1686 (30 ਜਨਵਰੀ, 1630 ਈ:) ਨੂੰ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਦੇ ਘਰ ਮਾਤਾ ਨਿਹਾਲ ਕੌਰ ਦੇ ਉਦਰ ਤੋਂ ਹੋਇਆ। ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਨੇ ਗੁਰੂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਅਨੁਸਾਰ ਵਸਾਇਆ ਸੀ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ।

(ਗੁਰੂ) ਹਰਿਰਾਇ ਸਾਹਿਬ ਬਚਪਨ ਤੋਂ ਹੀ ਸ਼ਾਂਤ ਸੁਭਾਅ, ਦਇਆ, ਕੁਦਰਤ ਪ੍ਰੇਮੀ, ਕੋਮਲਤਾ ਆਦਿ ਸਦਗੁਣਾਂ ਦੇ ਧਾਰਨੀ ਸਨ। ਗੁਰੂ ਪਿਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਆਪ ਦਾ ਬਚਪਨ ਬੀਤਿਆ। ਆਪ ਨੇ ਗੁਰੂ ਪਿਤਾ ਦੀ ਦੇਖ-ਰੇਖ ਅਤੇ ਸੁਚੱਜੀ ਅਗਵਾਈ ਵਿਚ ਅੱਰਭਕ ਅਧਿਆਤਮਿਕ ਤੇ ਸੰਸਾਰਿਕ, ਸਰੀਰਿਕ ਸਿੱਖਿਆ ਅਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਸੁਭਾਅ ਦੇ ਨਰਮ, ਸਰੀਰ ਦੇ ਤਕੜੇ ਸਨ। ਆਪ ਜੀ ਦਾ ਵਿਆਹ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਨਾਲ 1640 ਈ: ਵਿਚ ਅਨੂਪ ਸ਼ਹਿਰ (ਯੂ.ਪੀ.) ਵਿਖੇ ਹੋਇਆ। ਆਪ ਦੇ ਦੋ ਸਪੁੱਤਰ ਸਨ ਬਾਬਾ ਰਾਮਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ।



ਸੁਰਿੰਦਰ ਸਿੰਘ ਰੁਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸਹਿ-ਸੰਪਾਦਕ
98141-28181


ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ-ਕਾਲ ਵਿਚ ਹੀ ਪ੍ਰਲੋਕ ਸਿਧਾਰ ਗਏ। ਬਾਬਾ ਸੂਰਜਮੱਲ ਨਿਰੋਲ ਸੰਸਾਰਿਕ ਬਿਰਤੀ ਅਤੇ (ਗੁਰੂ) ਤੇਗ਼ ਬਹਾਦਰ ਜੀ ਬੀਰਤਾ, ਤਿਆਗ ਤੇ ਅਧਿਆਤਮਿਕ ਬਿਰਤੀ ਦੇ ਮਾਲਕ ਸਨ। ਬਾਬਾ ਗੁਰਦਿੱਤਾ ਦੇ ਵੱਡੇ ਸਪੁੱਤਰ ਬਾਬਾ ਧੀਰਮੱਲ ਵੀ ਗੁਰੂ-ਘਰ ਪ੍ਰਤੀ ਵਫ਼ਾਦਾਰ ਸਾਬਤ ਨਾ ਹੋਏ, ਕੇਵਲ (ਗੁਰੂ) ਹਰਿਰਾਇ ਸਾਹਿਬ ਜੀ ਹੀ ਗੁਰਗੱਦੀ ਦੇ ਯੋਗ ਵਾਰਿਸ ਸਾਬਤ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 3 ਮਾਰਚ, 1644 ਈ: ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। 8 ਮਾਰਚ, 1644 ਈ: ਨੂੰ ਗੁਰਿਆਈ ਦੀ ਰਸਮ ਅਦਾ ਕੀਤੀ ਗਈ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ (ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਨ) ਨੇ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਉਸ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਦੀ ਉਮਰ 14 ਸਾਲ ਦੀ ਸੀ।

ਗੁਰੂ ਹਰਿਰਾਇ ਜੀ ਨੇ ਗੁਰੂ ਪਿਤਾ ਦੇ ਉਪਦੇਸ਼ ਨੂੰ ਜੀਵਨ ਭਰ ਨਿਭਾਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਖਰੀ ਹੁਕਮ ਅਨੁਸਾਰ ਆਪ ਜੀ ਨੇ ਆਪਣੇ ਨਾਲ ਹਮੇਸ਼ਾ 2200 ਘੋੜਸਵਾਰ ਰੱਖੇ ਪਰ ਸਮੁੱਚਾ ਜੀਵਨ ਅਮਨ ਸ਼ਾਂਤੀ ਨਾਲ ਗੁਜ਼ਾਰਿਆ। ਗੁਰੂ ਹਰਿਰਾਇ ਸਾਹਿਬ ਨੇ ਸ਼ਿਕਾਰ ਖੇਡਣਾ ਜਾਰੀ ਰੱਖਿਆ। ਗੁਰੂ ਹਰਿਰਾਇ ਸਾਹਿਬ ਦੇ ਸਮੇਂ ਸਿੱਖ ਧਰਮ ਨੇ ਚੰਗੀ ਉੱਨਤੀ ਕੀਤੀ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਕਈ ਮਹੱਤਵਪੂਰਨ ਲੋਕ ਭਲਾਈ ਦੇ ਕੰਮ ਕੀਤੇ। ਗੁਰੂ ਸਾਹਿਬ ਨੇ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ ਸਾਨੂੰ ਗੁਰਬਾਣੀ ਪੜ੍ਹਨੀ ਤੇ ਸੁਣਨੀ ਚਾਹੀਦੀ ਹੈ।

ਗੁਰਤਾਗੱਦੀ 'ਤੇ ਬਿਰਾਜਮਾਨ ਹੋਣ ਤੋਂ ਕੁਝ ਸਮਾਂ ਬਾਅਦ ਮਸੰਦਾਂ ਤੇ ਮੀਣਿਆਂ ਨੇ ਗੁਰੂ ਸਾਹਿਬ ਦਾ ਵਿਰੋਧ ਕੀਤਾ। ਔੜ ਨਾਲ ਭਾਰੀ ਕਾਲ ਪੈ ਗਿਆ, ਜਿਸ ਕਾਰਨ ਲੋਕ ਰੋਟੀ ਤੋਂ ਆਤੁਰ ਹੋ ਗਏ। ਪੇਟ ਦੀ ਭੁੱਖ ਨੇ ਲੋਕਾਂ ਨੂੰ ਦਰ-ਦਰ ਦੇ ਧੱਕੇ ਖਾਣ ਲਈ ਮਜਬੂਰ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਗੁਰੂ-ਘਰ ਦੀ ਪ੍ਰੰਪਰਾ ਅਨੁਸਾਰ ਦੁਖੀਆਂ ਦੀ ਤਨ-ਮਨ-ਧਨ ਨਾਲ ਸੇਵਾ ਕੀਤੀ। ਇਥੋਂ ਤੱਕ ਕਿ ਪੰਜਾਬ ਤੋਂ ਬਾਹਰ ਵਸਦੇ ਗੁਰਸਿੱਖਾਂ, ਗੁਰੂ-ਘਰ ਦੇ ਪ੍ਰੀਤਵਾਨਾਂ ਨੂੰ ਵੀ ਪ੍ਰੇਰ ਕੇ ਦੁਖੀ ਮਾਨਵਤਾ ਦੀ ਸੇਵਾ ਕੀਤੀ ਤੇ ਕਰਵਾਈ। ਸਤਿਗੁਰੂ ਜੀ ਨੇ ਭੁੱਖਿਆਂ ਲਈ ਲੰਗਰ, ਬਿਮਾਰਾਂ ਲਈ ਸ਼ਫ਼ਾਖਾਨੇ ਖੋਲ੍ਹ ਦਿੱਤੇ। ਸਤਿਗੁਰੂ ਜੀ ਵੱਲੋਂ ਮਨੁੱਖ ਜਾਤੀ ਦੇ ਕਲਿਆਣਕਾਰੀ ਕਾਰਜਾਂ ਨੂੰ

ਤੱਕ ਕੇ 'ਦਾਰਾ ਸ਼ਿਕੋਹ' ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਗੁਰੂ ਹਰਿਰਾਇ ਸਾਹਿਬ ਜੀ ਦੀ ਮਹਿਮਾ ਸੁਣ 'ਸ਼ਾਹ-ਰੂਮੀ' ਜਦ ਹਿੰਦੁਸਤਾਨ ਦੀ ਸੈਰ ਕਰਨ ਆਇਆ ਤਾਂ ਗੁਰੂ ਦਰਸ਼ਨਾਂ ਲਈ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ ਦਰਬਾਰ ਵਿਚ ਹਮੇਸ਼ਾ ਵੱਡੇ-ਛੋਟੇ ਨਾਲ, ਬਿਨਾਂ ਕਿਸੇ ਜਾਤੀ ਜਾਂ ਖੇਤਰੀ ਵਿਤਕਰੇ ਦੇ, ਬਰਾਬਰ ਸਲੂਕ ਕੀਤਾ ਜਾਂਦਾ ਹੈ। ਗੁਰੂ ਜੀ ਨੇ ਕੀਰਤਪੁਰ ਦੀ ਧਰਤੀ 'ਤੇ ਇਲਾਜ ਵਾਸਤੇ ਵਰਤੀਆਂ ਜਾਂਦੀਆਂ ਜੜ੍ਹੀਆਂ ਬੂਟੀਆਂ ਦਾ ਬਾਗ ਲਗਵਾਇਆ ਤੇ ਇਕ ਖੋਜ ਕੇਂਦਰ ਸਥਾਪਿਤ ਕੀਤਾ। ਜੇਕਰ ਦਾਰਾ ਸ਼ਿਕੋਹ ਬਿਮਾਰ ਹੋਇਆ ਤਾਂ ਇਲਾਜ ਲਈ ਦਵਾਈਆਂ, ਜੜ੍ਹੀਆਂ-ਬੂਟੀਆਂ ਗੁਰੂ ਦਰਬਾਰ ਵੱਲੋਂ ਭੇਜੀਆਂ ਗਈਆਂ, ਜਿਸ ਨਾਲ ਉਸ ਦਾ ਅਸਾਧ ਰੋਗ ਠੀਕ ਹੋਇਆ। ਜੇਕਰ ਘਰੇਲੂ ਝਗੜੇ ਕਰਕੇ ਦਾਰਾ ਸ਼ਿਕੋਹ ਬਾਦਸ਼ਾਹ ਔਰੰਗਜ਼ੇਬ ਦੀ ਮਾਰ ਤੋਂ ਡਰਦਾ, ਗੁਰੂ ਦਰਬਾਰ ਵਿਚ ਪਹੁੰਚਾ ਤਾਂ ਉਸ ਨੂੰ ਦਰਿਆ ਬਿਆਸ ਪਾਰ ਕਰਵਾਇਆ ਗਿਆ।



ਬਾਦਸ਼ਾਹ ਸ਼ਾਹ ਜਹਾਨ ਦੇ ਆਖਰੀ ਦਿਨਾਂ ਵਿਚ ਪਰਿਵਾਰਕ ਫੁੱਟ ਚਰਮ ਸੀਮਾਂ 'ਤੇ ਪਹੁੰਚ ਚੁੱਕੀ ਸੀ। ਔਰੰਗਜ਼ੇਬ ਨੇ ਬਗ਼ਾਵਤ ਕਰਕੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਦਾਰਾ ਸ਼ਿਕੋਹ ਵੀ ਔਰੰਗਜ਼ੇਬ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਜਾਨ ਬਚਾਉਣ ਲਈ ਦਿੱਲੀ ਤੋਂ ਦੌੜ ਗਿਆ। ਦਾਰਾ ਸ਼ਿਕੋਹ ਦਾ ਪਿੱਛਾ ਕਰਦਾ-ਕਰਦਾ ਬਾਦਸ਼ਾਹ ਔਰੰਗਜ਼ੇਬ ਵੀ ਲਾਹੌਰ ਪਹੁੰਚ ਗਿਆ ਪਰ ਦਾਰਾ ਸ਼ਿਕੋਹ ਉਥੋਂ ਵੀ ਅੱਗੇ ਦੌੜ ਗਿਆ। ਔਰੰਗਜ਼ੇਬ ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ, ਦੂਸਰਾ ਸਿੱਖਾਂ ਦੀ ਵਧ ਰਹੀ ਸ਼ਕਤੀ ਤੋਂ ਔਰੰਗਜ਼ੇਬ ਚਿੰਤਤ ਸੀ। ਇਸ ਲਈ ਬਾਦਸ਼ਾਹ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਆਪਣੀ ਥਾਵੇਂ ਆਪਣੇ ਵੱਡੇ ਸਪੁੱਤਰ ਬਾਬਾ ਰਾਮਰਾਇ ਨੂੰ ਭੇਜਿਆ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਹਦਾਇਤ ਕੀਤੀ ਕਿ ਗੁਰੂ ਆਸਰੇ ਰਹਿਣਾ ਅਤੇ ਗੁਰੂ ਆਸ਼ੇ ਵਿਰੁੱਧ ਕੋਈ ਗੱਲਬਾਤ ਨਹੀਂ ਕਰਨੀ। ਬਾਬਾ ਰਾਮਰਾਇ ਬਹੁਤ ਹੀ ਵਿਦਵਾਨ ਤੇ ਹਾਜ਼ਰ ਜਵਾਬ ਸਨ। ਦਿੱਲੀ ਜਾ ਕੇ ਉਨ੍ਹਾਂ ਬਾਦਸ਼ਾਹ ਔਰੰਗਜ਼ੇਬ ਦੇ ਹਰ ਸਵਾਲ ਦਾ ਜਵਾਬ ਤਸੱਲੀਬਖ਼ਸ਼ ਦਿੱਤਾ।

ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ, ਪਰ ਜਦ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਗੁਰਬਾਣੀ ਦੀ ਪਾਵਨ ਪੰਗਤੀ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ...' ਦੇ ਅਰਥ ਪੁੱਛੇ ਤਾਂ ਰਾਮਰਾਇ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਕਿਹਾ ਕਿ ਸ਼ਬਦ 'ਮੁਸਲਮਾਨ' ਨਹੀਂ; 'ਬੇਈਮਾਨ' ਹੈ, ਪਰ ਕਾਤਿਬ ਦੀ ਗ਼ਲਤੀ ਨਾਲ ਮੁਸਲਮਾਨ ਲਿਖਿਆ ਗਿਆ।

ਬਾਬਾ ਰਾਮਰਾਇ ਜੀ ਨੇ ਅਜਿਹਾ ਕਰਕੇ ਬਾਦਸ਼ਾਹ ਦੀ ਖ਼ੁਸ਼ੀ ਤਾਂ ਹਾਸਲ ਕਰ ਲਈ ਪਰ ਗੁਰੂ ਦਰਬਾਰ ਤੋਂ ਹਮੇਸ਼ਾ ਲਈ ਦੂਰ ਹੋ ਗਿਆ, ਕਿਉਂਕਿ ਜਦ ਗੁਰੂ ਹਰਿਰਾਇ ਸਾਹਿਬ ਜੀ ਨੂੰ ਇਸ ਵਾਰਤਾ ਦਾ ਪਤਾ ਲੱਗਾ ਤਾਂ ਉਨ੍ਹਾਂ ਕਹਿ ਭੇਜਿਆ ਕਿ 'ਤੁਸਾਂ ਸਾਡੇ ਮੱਥੇ ਨਹੀਂ ਲੱਗਣਾ, ਤੁਸਾਂ ਦੁਨਿਆਵੀ ਵਡਿਆਈ ਖਾਤਰ ਇਲਾਹੀ ਬਾਣੀ ਦਾ ਨਿਰਾਦਰ ਕੀਤਾ ਹੈ।'

ਆਪਣਾ ਅੰਤਿਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਜੀ ਨੇ ਗੁਰਿਆਈ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਦਿੱਤੀ। ਆਪ ਜੀ 6 ਅਕਤੂਬਰ, 1661 ਈ: ਨੂੰ ਕੀਰਤਪੁਰ ਹੀ ਜੋਤੀ ਜੋਤਿ ਸਮਾ ਗਏ। ਹਰ ਗੁਰਸਿੱਖ ਅਰਦਾਸ ਦੇ ਇਹ ਬੋਲ ਪੜ੍ਹ-ਸੁਣ ਕੇ 'ਸਿਮਰੋ ਸ੍ਰੀ ਹਰਿਰਾਇ', ਗੁਰੂ ਦੀ ਸ਼ਰਧਾ ਸਤਿਕਾਰ ਭੇਟ ਕਰਦਾ ਹੋਇਆ ਉਨ੍ਹਾਂ ਦੇ ਜੀਵਨ ਦਰਸ਼ਨ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ।

3 ਫਰਵਰੀ ਨੂੰ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਚ ਪਹੁੰਚ ਕੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ। ਗੁਰੂ ਘਰ ਦੇ ਗ੍ਰੰਥੀ ਸਿੰਘਾਂ ਵੱਲੋਂ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਆਓ ਹਰ ਪ੍ਰਾਣੀ ਦੀ ਆਪਣੀ ਲੋੜ ਅਨੁਸਾਰ ਮੱਦਦ ਕਰੀਏ ਅਤੇ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਸਫਲਾ ਕਰੀਏ।

# ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼

ਜਸਬੀਰ ਸਿੰਘ ਸਾਬਰ (ਡਾ.)



ਮੱਧ ਯੁਗ ਤੋਂ ਅੱਜ ਤੱਕ ਮਾਨਵ-ਸਮਾਜ ਦੇ ਮਨੁੱਖ ਦੀ ਨਿਰੰਤਰ ਤ੍ਰਾਸਦੀ ਬਣੀ ਹੋਈ ਹੈ ਕਿ ਇਸ ਦੀ ਰੁਚੀ ਉਨ੍ਹਾਂ ਪ੍ਰਾਪਤੀਆਂ ਵੱਲ ਵਧੇਰੇ ਹੁੰਦੀ ਹੈ ਜੋ ਸੌਖਿਆਂ ਤੇ ਜਲਦੀ ਪ੍ਰਾਪਤ ਹੋ ਜਾਣ। ਹਾਲਾਂਕਿ ਅਜਿਹੀਆਂ ਪ੍ਰਾਪਤੀਆਂ ਕੇਵਲ ਵਕਤੀ ਲੋੜਾਂ ਪੂਰੀਆਂ ਕਰਨ ਵਾਲੀਆਂ ਤੇ ਥੋੜ੍ਹਚਿਰੀ ਖੁਸ਼ੀ ਦੇਣ ਵਾਲੀਆਂ ਹੀ ਹੁੰਦੀਆਂ ਹਨ। ਇਸ ਤ੍ਰਾਸਦੀ ਦਾ ਸ਼ਿਕਾਰ ਮਨੁੱਖ, ਸਿਧਾਂਤ ਦੀ ਸਾਰਥਿਕਤਾ ਨੂੰ ਛੱਡ ਕੇ ਸਿਧਾਂਤ ਸੰਚਾਰ ਦੀ ਪੂਜਾ ਕਰਨੀ ਆਰੰਭ ਦਿੰਦਾ ਹੈ। ਮਨੁੱਖ ਦੀ ਇਸ ਰੁਚੀ ਨੇ ਹੀ ਦੇਹ-ਪੂਜਾ ਅਤੇ ਨਿੱਜਵਾਦ ਨੂੰ ਪ੍ਰਫੁੱਲਤ ਕੀਤਾ। ਅੱਜ ਸਥਿਤੀ ਇਹ ਬਣ ਗਈ ਹੈ ਕਿ ਮਨੁੱਖ ਦੀ ਮਾਨਸਿਕਤਾ ਪਦਾਰਥਕ ਸੁਖਾਂ ਦੀ ਗ੍ਰਿਫਤ ਵਿਚ ਅਜਿਹੀ ਜਕੜੀ ਜਾ ਚੁੱਕੀ ਹੈ ਕਿ ਉਹ ਪਰਮਾਰਥ ਦੀ ਗੱਲ ਮੰਨਣੀ ਤਾਂ ਇਕ ਪਾਸੇ ਰਹੀ ਸੁਣਨੀ ਵੀ ਪਸੰਦ ਨਹੀਂ ਕਰ ਰਿਹਾ।

ਮਾਨਵ-ਚੇਤਨਾ ਦੀ ਇਸ ਸਥਿਤੀ ਦੇ ਦੋ ਕਾਰਨ ਸਪੱਸ਼ਟ ਰੂਪ ਵਿਚ ਨਜ਼ਰ ਆਉਂਦੇ ਹਨ। ਪਹਿਲਾ ਕਾਰਨ ਹੈ ਮਨੁੱਖ ਨੂੰ ਬਚਪਨ ਤੋਂ ਹੀ ਘਰ ਵਿਚੋਂ ਸੁਚੱਜਾ ਅਧਿਆਤਮਕ ਵਾਤਾਵਰਨ ਨਾ ਮਿਲਣਾ, ਜਿਸ ਕਰਕੇ ਉਹ ਸੁੱਚੀਆਂ ਅਧਿਆਤਮਕ ਕਦਰਾਂ-ਕੀਮਤਾਂ ਤੋਂ ਅਗਿਆਨੀ ਹੁੰਦਾ ਹੈ। ਉਸ ਨੂੰ ਜਨਮ ਤੋਂ ਹੀ ਇਕ ਅਜਿਹਾ ਸੰਕੀਰਨ, ਕੱਟੜਵਾਦੀ ਮਾਹੌਲ ਪ੍ਰਾਪਤ ਹੁੰਦਾ ਹੈ ਜੋ ਉਸ ਨੂੰ ਮਾਨਵ-ਭਾਈਚਾਰੇ ਅਤੇ ਸਰਬ ਸਾਂਝੀਵਾਲਤਾ ਅਤੇ ਸਭਿਆਚਾਰ ਤੋਂ ਨਿਖੇੜ ਕੇ ਰੱਖਦਾ ਹੈ। ਦੂਜਾ ਪ੍ਰਮੁੱਖ ਕਾਰਨ ਹੈ ਸਮਾਜ ਦੇ ਉਨ੍ਹਾਂ ਧਾਰਮਕ ਆਗੂਆਂ ਦੀ ਅਪ੍ਰਸੰਗਕ ਭੂਮਿਕਾ ਜਿਨ੍ਹਾਂ ਦਾ ਆਪਣਾ ਨਿੱਜ ਪੱਧਰਾ ਜੀਵਨ, ਲੋਕ-ਮਾਨਸ ਦੀ ਚੇਤਨਾ ਵਿਚ ਅਜਿਹਾ ਰੋਲ-ਮਾਡਲ ਪੇਸ਼ ਕਰਦਾ ਹੈ ਜੋ ਮਾਨਵ-ਸਮਾਜ ਦੇ ਵਿਕਾਸ-ਕਾਰਜ ਲਈ ਰੁਕਾਵਟ ਬਣ ਜਾਂਦਾ ਹੈ। ਕਿਸੇ ਵੀ ਚਿੰਤਨ ਦੀ ਪਰਖ/ਪੜਚੋਲ ਦਾ ਮੁੱਲ ਹੀ ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਉਸ ਦਾ ਮਾਨਵੀ ਕਦਰਾਂ-ਕੀਮਤਾਂ ਨਾਲ ਸਰੋਕਾਰ ਕਿਸ ਮਾਤਰਾ ਵਿਚ ਜੁੜਿਆ ਹੋਇਆ ਹੈ। ਇਹ ਇਕ ਅਟੱਲ ਸੱਚਾਈ ਹੈ ਕਿ ਜੇਕਰ ਧਰਮ-ਚਿੰਤਨ ਸੁਘੜ ਤੇ ਸੁਜਾਨ ਪੁਰਸ਼ਾਂ ਦੇ ਹੱਥਾਂ ਵਿਚ ਹੋਵੇਗਾ ਤਾਂ ਮਾਨਵ ਸਮਾਜ ਦਾ ਸਿਰਜਨ ਤੇ ਪਾਲਣ-ਪੋਸ਼ਣ ਵੀ ਨਰੋਆ ਹੋਵੇਗਾ। ਪਰ ਜਦੋਂ ਗਿਆਨ ਦੇਣ ਵਾਲੇ ਆਗੂ ਹੀ ਅਗਿਆਨੀ ਅਤੇ ਅਨੈਤਿਕ ਰੁਚੀਆਂ ਦਾ ਸ਼ਿਕਾਰ ਹੋ ਜਾਣ ਜਾਂ ਨਿੱਜ-ਕਲਿਆਣ ਤੱਕ ਸੀਮਤ ਹੋ ਜਾਣ ਤਾਂ ਮਾਨਵ ਸਮਾਜ ਦਾ ਗ੍ਰਾਫ ਹੇਠਾਂ ਵੱਲ ਹੀ ਆਵੇਗਾ। ਸੱਚੀ ਗੱਲ ਤਾਂ ਇਹ ਹੈ ਕਿ ਅਜਿਹੀ ਪ੍ਰਸਥਿਤੀ ਵਿਚ ਮਾਨਵਤਾ ਅਤੇ ਧਰਮ ਦਾ ਆਪਸੀ ਰਿਸ਼ਤਾ ਹੀ ਟੁੱਟ ਜਾਂਦਾ ਹੈ ਜਿਸ ਦੇ ਫਲਸਰੂਪ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਸੰਗ ਹੀ ਗੁਆਚ ਜਾਂਦਾ ਹੈ। ਕੁਝ ਅਜਿਹੀ ਹੀ ਪ੍ਰਸਥਿਤੀ ਸੀ ਭਗਤ ਰਵਿਦਾਸ ਜੀ ਦੇ ਸਮਕਾਲੀ ਮਾਨਵ-ਸਮਾਜ ਦੀ ਜਿਸ ਵਿਚ ਦਲਿਤ ਵਰਗ ਦਾ ਬੁਰੀ ਤਰ੍ਹਾਂ ਸ਼ੋਸ਼ਣ ਕੀਤਾ ਜਾ ਰਿਹਾ ਸੀ।

ਭਗਤ ਰਵਿਦਾਸ ਜੀ ਦੇ ਸਮਕਾਲੀ ਸਮਾਜ ਦਾ ਧਰਮ-ਚਿੰਤਨ ਇਕ ਪਾਸੇ ਭੂਤਮੁਖੀ ਵਹਿਮਾਂ-ਭਰਮਾਂ ਦਾ ਸ਼ਿਕਾਰ ਸੀ ਅਤੇ ਦੂਜੇ ਪਾਸੇ ਭਵਿੱਖਮੁਖੀ ਲਾਰੇ-ਲੱਪੇ ਲਾਉਣ ਤੋਂ ਇਲਾਵਾ ਕੁਝ ਵੀ ਨਹੀਂ ਸੀ, ਜਿਸ ਕਰਕੇ ਅਧਿਆਤਮਕ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਖੜੋਤ-ਗ੍ਰਸਤ ਸਨ। ਲੋਕ-ਮਾਨਸ ਦੀ ਚੇਤਨਾ ਵਿਚ ਪ੍ਰਭੂ-ਭਗਤੀ ਮਨਫ਼ੀ ਸੀ ਅਤੇ ਨਿੱਜ-ਭਗਤੀ ਦਾ ਬੋਲਬਾਲਾ ਸੀ। ਅਧਿਆਤਮਕ ਖੇਤਰ ਤੋਂ ਇਲਾਵਾ ਸਮਾਜਕ, ਆਰਥਕ ਅਤੇ ਰਾਜਨੀਤਕ ਖੇਤਰ ਵਿਚ ਵੀ ਮਾਨਵ-ਜੀਵਨ ਅਸੰਤੁਲਤ (unbalanced) ਅਤੇ ਉਖੜਿਆ ਹੋਇਆ ਸੀ। ਇਸ ਸੰਦਰਭ ਵਿਚ ਦਲਿਤ ਵਰਗ ਦਾ ਜੀਵਨ ਮੌਤ ਨਾਲੋਂ ਵੀ ਭੈੜਾ ਸੀ ਜੋ ਜ਼ੁਲਮ ਸਿਤਮ ਦੇ ਦੋ ਪੁੜਾਂ ਵਿਚਕਾਰ ਬੁਰੀ ਤਰ੍ਹਾਂ ਪੀਸਿਆ ਜਾ ਰਿਹਾ ਸੀ। ਇਸ ਦਾ ਕਾਰਨ ਸੀ ਦੇਸ਼ ਦੀ ਵਾਂਗਡੋਰ ਵਿਦੇਸ਼ੀ ਹਾਕਮਾਂ ਦੇ ਹੱਥ ਵਿਚ ਹੋਣੀ ਜੋ ਤਲਵਾਰ ਦੇ ਜ਼ੋਰ ਨਾਲ ਇਕ ਪਾਸੇ ਦੇਸ਼ ਦੀ ਧਨ-ਦੌਲਤ ਲੁੱਟ ਰਹੇ ਸਨ ਅਤੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾ ਰਹੇ ਸਨ। ਦੂਜੇ ਪਾਸੇ ਦੇਸ਼ ਦੇ ਹਿੰਦੂ ਰਾਜੇ ਆਪਸੀ ਫੁੱਟ ਦਾ ਸ਼ਿਕਾਰ ਹੋਣ ਕਾਰਨ ਵਿਦੇਸ਼ੀ ਹਕੂਮਤ ਦੀ ਸਿਰਦਾਰੀ ਪ੍ਰਵਾਨ ਕਰਕੇ, ਬਦਲੇ ਵਿਚ ਅਯਾਸ਼ੀ ਭਰਿਆ ਜੀਵਨ ਬਤੀਤ ਕਰਨ ਲਈ ਦਲਿਤ ਵਰਗ ਦੀਆਂ ਹੱਡੀਆਂ ਚੂਸ ਰਹੇ ਸਨ। ਹੈਰਾਨੀਜਨਕ ਤੱਥ ਇਹ ਹੈ ਕਿ ਦਲਿਤ ਵਰਗ ਨੂੰ ਲੁੱਟਣ ਲਈ ਦੋਵਾਂ ਕੌਮਾਂ ਦੇ ਹਾਕਮ ਤੇ ਪੁਜਾਰੀ ਇਕ ਦੂਜੇ ਦੇ ਸਹਾਇਕ ਬਣੇ ਹੋਏ ਸਨ। ਡਾ. ਈਸ਼ਵਰੀ ਪ੍ਰਸ਼ਾਦਿ ਠੀਕ ਹੀ ਲਿਖਦੇ ਹਨ ਕਿ:

**ਸ਼ਾਸ਼ਨ ਕੇ ਰੂਪ ਮੇਂ ਸੀਜ਼ਰ ਵ ਪੋਪ ਦੋਨੋਂ**
**ਇਕੱਤ੍ਰ ਹੋ ਗਏ ਥੇ।੧**

ਸ੍ਰੀ ਕੇ.ਐੱਮ. ਮੁਨਸ਼ੀ ਭਗਤ ਰਵਿਦਾਸ ਜੀ ਦੇ ਤਤਕਾਲੀ ਸਮਾਜ ਦੀ ਵਿਵਸਥਾ ਬਾਰੇ ਲਿਖਦੇ ਹਨ ਕਿ–

ਇਸ ਸਮੇਂ ਸਦੀਓਂ ਸੇ ਇਕੱਤ੍ਰ ਕੀ ਗਈ ਧਨ ਔਰ ਸੰਪਤੀ ਲੂਟ ਕਾ ਵਿਸ਼ਾ ਬਨੀ, ਔਰਤੋਂ ਕਾ ਅਪਹਰਨ ਔਰ ਬਲਾਤਕਾਰ, ਅਰਾਜਕਤਾ ਜੀਵਨ ਕਾ ਹਿੱਸਾ ਬਨ ਗਿਆ ਥਾ।

**ਇਸਲਾਮ ਕਾ ਪਰਚਮ ਚਾਰੋਂ ਓਰ ਲਹਿਰਾਨੇ ਲਗਾ।੨**

ਕੁਝ ਇਸ ਤਰ੍ਹਾਂ ਦੀ ਹੀ ਤਸਵੀਰ ਸ੍ਰੀ ਸਤਿਆ ਕੇਤੂ ਵਿਦਿਆਲੰਕਾਰ ਦਿਖਾਉਂਦੇ ਹਨ ਕਿ –

ਨਾਰੀਓਂ ਕੇ ਸਤ ਕੋ ਭ੍ਰਸ਼ਟ ਕਰਨਾ ਔਰ ਇਸਲਾਮ ਧਰਮ ਕੋ ਸਵੀਕਾਰ ਕਰਨੇ ਕੇ ਲੀਏ ਵਿਵਸ਼ ਕਰਨਾ ਉਸ ਸਮੇਂ ਕੇ ਕਰੂਰ ਸ਼ਾਸਕੋਂ ਔਰ ਮੰਤਰੀਓਂ ਕਾ ਦੈਨਿਕ ਚਰਯਾ ਥਾ।੩

ਧਰਮ-ਖੇਤਰ ਵਿਚ ਵਿਭਿੰਨ ਮੱਤ-ਮਤਾਂਤਰਾਂ ਦੀਆਂ ਪੂਜਾ ਵਿਧੀਆਂ ਤੇ ਕਰਮਕਾਂਡਾਂ ਕਾਰਨ ਹੋਂਦ 'ਚ ਆਈ ਧਰਮ ਵੰਡ ਦੀ ਤਸਵੀਰ ਤਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਰਚਨਾ ਵਿਚੋਂ ਵੀ ਭਲੀ ਪ੍ਰਕਾਰ ਵੇਖੀ ਜਾ ਸਕਦੀ ਹੈ :

**ਕਾਹੂ ਲੈ ਪਾਹਨ ਪੂਜ ਧਰਯੋ ਸਿਰ**
**ਕਾਹੂ ਲੈ ਲਿੰਗ ਗਰੇ ਲਟਕਾਇਓ॥**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ**
**ਕਾਹੂ ਪਛਾਹ ਕੋ ਸੀਸੁ ਨਿਵਾਇਓ॥**
**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**
**ਕੂਰ ਕ੍ਰਿਆ ਉਰਝਿਓ ਸਭਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥** (ਤ੍ਵਪ੍ਰਸਾਦਿ ਸਵੱਯੇ)

ਸਮਾਜ ਦਾ ਉਪਰੋਕਤ ਵਰਣਨ ਰੂਪ ਸਿੱਧ ਕਰਦਾ ਹੈ ਕਿ ਇਸ ਸਮੇਂ ਦੇ ਮਾਨਵ ਦੀ ਬਿਰਤੀ ਦਾ ਇਕੋ ਇਕ ਸਰੋਕਾਰ ਸੀ ਕਿ ਹਰ ਉਚਿਤ ਅਨਉਚਿਤ ਢੰਗ ਨਾਲ ਮਾਨਵੀ ਸਮਾਜ ਦੇ ਹਰ ਖੇਤਰ ਵਿਚ ਜ਼ਰ, ਜ਼ੋਰੂ ਤੇ ਜ਼ਮੀਨ ਉੱਤੇ ਕਬਜ਼ਾ ਕਰਨਾ। ਨਿੱਜ-ਲਾਭ ਦੀ ਇਸ ਹਵਸ ਨੇ ਮਾਨਵੀ-ਰਿਸ਼ਤੇ ਦੀ ਸਾਂਝ ਮਨਫ਼ੀ ਕਰ ਦਿੱਤੀ ਹੋਈ ਸੀ। ਬੇਸ਼ੱਕ ਅਜੋਕੇ ਦੌਰ ਵਿਚ ਵੀ ਇਹ ਰੁਚੀ ਵਧੇਰੇ ਪ੍ਰਚੰਡ ਹੋ ਰਹੀ ਹੈ ਅਤੇ ਇਸ ਦੇ ਵਿਰੋਧ ਦੀ ਸੰਭਾਵਨਾ ਵੀ ਨਹੀਂ ਦਿਸ ਰਹੀ। ਇਸ ਦੇ ਨਾਲ ਹੀ ਅੰਸ਼-ਵੰਸ, ਕੁਲ ਪਰੰਪਰਾ, ਜਾਤੀਵਾਦ, ਕਰਮ-ਕਾਂਡ, ਰੂਪ ਰੰਗ, ਲਿੰਗ ਭੇਦ ਦੀ ਵਿਤਕਰੇ ਭਰੀ ਵੰਡ ਨੇ ਮਾਨਵ-ਸਮਾਜ ਦੀ ਆਪਸੀ ਸਾਂਝ ਨੂੰ ਬਖੇਰ ਕੇ ਰੱਖ ਦਿੱਤਾ ਸੀ। ਚਤੁਰ ਵਰਣ ਵਿਵਸਥਾ ਦਾ ਤਾਣਾ-ਪੇਟਾ ਇਸ ਪ੍ਰਕਾਰ ਦਾ ਸੀ ਕਿ ਉਸ ਨੇ ਦਲਿਤ-ਵਰਗ ਨੂੰ ਸੰਤਾਪ ਦੀ ਭੱਠੀ ਵਿਚ ਇਸ ਤਰ੍ਹਾਂ ਝੋਕਿਆ ਹੋਇਆ ਸੀ ਕਿ ਉਨ੍ਹਾਂ ਨੂੰ ਨਾ ਜਿਉਂਦਿਆਂ ਵਿਚ ਤੇ ਨਾ ਹੀ ਮਰਿਆਂ ਵਿਚ ਸ਼ੁਮਾਰ ਕੀਤਾ ਜਾ ਸਕਦਾ ਸੀ। ਇਸ ਵਿਵਸਥਾ ਅਧੀਨ ਛੂਆ-ਛਾਤ ਇਤਨੀ ਪ੍ਰਬਲ ਸੀ ਕਿ ਇਕ ਪਾਸੇ ਤਾਂ ਗਊ ਦੇ ਮਲ-ਮੂਤਰ ਨਾਲ ਨਵ-ਜੰਮੇ ਬੱਚੇ ਦਾ ਜਨਮ ਸੰਸਾਕਰ ਅਤੇ ਚੁੱਲ੍ਹਾ ਚੌਂਕਾ ਪਵਿੱਤਰ ਕੀਤਾ ਜਾਂਦਾ ਪਰ ਦੂਜੇ ਪਾਸੇ ਇਨ੍ਹਾਂ ਦੀ ਸੇਵਾ ਕਰਨ ਵਾਲੇ ਦਲਿਤ ਵਰਗ ਨੂੰ ਅਛੂਤ ਗਰਦਾਨ ਕੇ ਉਸ ਦੀ ਛੂਹ ਤੇ ਪਰਛਾਈ ਵਾਲੀ ਵਸਤ ਭਿੱਟੀ ਹੋਈ ਅਪਵਿੱਤਰ ਮੰਨਦਿਆਂ ਬਦਲੇ ਵਿਚ ਦਲਿਤ ਨੂੰ ਫਿਟਕਾਰਿਆ, ਦੁਰਕਾਰਿਆ, ਤ੍ਰਿਸਕਾਰਿਆ ਤੇ ਮਾਰਿਆ ਜਾਂਦਾ। ਅਜਿਹੀ ਵਿਵਸਥਾ ਨੇ ਦਲਿਤ ਵਰਗ ਨੂੰ ਠੀਕ ਸਮਝਣ ਸੋਚਣ ਦੇ ਸਮਰੱਥ ਵੀ ਨਾ ਰਹਿਣ ਦਿੱਤਾ। ਕਿਉਂਕਿ ਜੇਕਰ ਉਹ ਆਪਣਾ ਨਾਤਾ ਹਿੰਦੂ ਧਰਮ ਨਾਲ ਜੋੜਦਾ ਸੀ ਤਾਂ ਉਸ ਨੂੰ ਪ੍ਰਾਪਤ ਹੁੰਦਾ ਸੀ ਨਿੱਕੀ-ਨਿੱਕੀ ਗੱਲ ਬਦਲੇ ਤ੍ਰਿਸਕਾਰ ਤੇ ਧਿਰਕਾਰ ਜਿਸ ਦੇ ਫਲਸਰੂਪ ਉਹ ਹਮੇਸ਼ਾ ਹੀਨ-ਭਾਵਨਾ ਦਾ ਸ਼ਿਕਾਰ ਰਹਿੰਦਾ। ਪਰ ਜੇਕਰ ਉਹ ਲਾਲਚ ਵੱਸ ਇਸਲਾਮ ਧਰਮ ਨਾਲ ਜੁੜ ਜਾਂਦਾ ਸੀ ਤਾਂ ਬਿਗਾਨਾਪਨ ਤੇ ਆਰਥਕ ਮੰਦਹਾਲੀ ਉਥੇ ਵੀ ਉਸ ਦਾ ਪਿੱਛਾ ਨਹੀਂ ਸੀ ਛੱਡਦੀ। ਇਸ ਤਰ੍ਹਾਂ ਉਸਦੀ ਬਿਰਤੀ ਦਿਨ-ਬ-ਦਿਨ ਰੋਗੀ ਬਣਦੀ ਜਾ ਰਹੀ ਸੀ। ਇਹ ਇਕ ਅਟੱਲ ਸੱਚਾਈ ਹੈ ਕਿ ਹਰੇਕ ਵਿਅਕਤੀ ਤਤਕਾਲੀਨ ਪ੍ਰਸਥਿਤੀਆਂ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਉਸ ਦੇ ਵਿਕਾਸ ਤੇ ਵਿਨਾਸ਼ ਵਿਚ ਵੱਡੀ ਭੂਮਿਕਾ ਨਿਭਾਉਂਦਾ ਹੈ – ਤਤਕਾਲੀ ਸਮਾਜ। ਇਸ ਲਈ ਰੋਗੀ-ਬਿਰਤੀਆਂ ਦਾ ਸ਼ਿਕਾਰ ਮਾਨਵ, ਵਿਕਾਸ ਗਤੀ ਵਾਲੇ ਮਾਨਵ-ਸਮਾਜ ਦਾ ਵਿਕਸਿਤ ਨਿਰਮਾਣ ਕਰਨ ਦੇ ਯੋਗ ਨਹੀਂ ਹੋਇਆ ਕਰਦਾ। ਸੁੱਚੀਆਂ ਕਦਰਾਂ-ਕੀਮਤਾਂ ਵਾਲੇ ਸਮਾਜ ਦਾ ਨਿਰਮਾਣ-ਕਾਰਜ, ਅਰੋਗ ਰੁਚੀਆਂ ਵਾਲੇ ਮਾਨਵ ਹੀ ਕਰ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਦੇ ਅੰਕਤ ੪੦ ਸ਼ਬਦ ਇਸ ਤੱਥ ਨੂੰ ਉਭਾਰਦੇ ਹਨ ਕਿ ਭਗਤ ਜੀ ਨੇ ਦਲਿਤ ਵਰਗ ਦੀ ਰੋਗੀ ਬਿਰਤੀ ਨੂੰ ਅਰੋਗ ਕਰਨ ਲਈ ਉਨ੍ਹਾਂ ਵਿਚੋਂ ਹੀਨ ਭਾਵਨਾ ਨੂੰ ਖਤਮ ਕਰਨ ਹਿਤ ਆਪਣੀ ਅਲਾਹੀ ਬਾਣੀ ਦੇ ਮਿੱਠੜੇ ਬੋਲਾਂ ਨਾਲ ਉਸ ਸਮੇਂ ਦੇ ਮਹਾਂ-ਪੰਡਤਾਂ ਨੂੰ ਆਪਣੇ ਚਰਨਾਂ ਉੱਤੇ ਸੀਸ ਝੁਕਾਉਣ ਲਈ ਮਜਬੂਰ ਕਰ ਦਿੱਤਾ।

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਭਗਤ ਰਵਿਦਾਸ ਜੀ ਇਸ ਤੱਥ ਨੂੰ ਭਲੀ ਪ੍ਰਕਾਰ ਸਮਝਦੇ ਹਨ ਕਿ ਦਲਿਤ-ਵਰਗਾਂ ਦੀ ਰੋਗੀ ਚੇਤਨਾ ਨੂੰ ਅਰੋਗ ਕੀਤੇ ਬਗੈਰ, ਸੁੱਚੀਆਂ ਕਦਰਾਂ-ਕੀਮਤਾਂ ਵਾਲੇ ਮਾਨਵ-ਸਮਾਜ ਦਾ ਨਿਰਮਾਣ ਕਾਰਜ ਹੋ ਹੀ ਨਹੀਂ ਸਕਦਾ। ਏਸੇ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਦਲਿਤ-ਚੇਤਨਾ ਦੇ ਕਾਰਜ ਨੂੰ ਪ੍ਰਥਮਤਾ ਦਿੱਤੀ।

ਏਥੇ 'ਦਲਿਤ-ਚੇਤਨਾ' ਬਾਰੇ ਵੀ ਸੰਖਿਪਤ ਚਰਚਾ ਕਰਨੀ ਤਰਕ ਸੰਗਤ ਲੱਗਦੀ ਹੈ ਤਾਂ ਜੋ ਇਸ ਦਾ ਮੰਤਵ-ਕਾਰਜ ਸਪੱਸ਼ਟ ਹੋ ਸਕੇ। ਮੇਰੇ ਵਿਚਾਰ ਅਨੁਸਾਰ 'ਦਲਿਤ-ਚੇਤਨਾ' ਦਾ ਮੁੱਖ ਮੰਤਵ ਮਨੁੱਖ ਦੀ ਸਮਾਜਕ ਬਰਾਬਰੀ ਨੂੰ ਉਭਾਰਨਾ ਅਤੇ ਮਾਨਵ-ਵੰਡ ਨੂੰ ਨਕਾਰਨਾ ਹੈ। ਦਲਿਤ ਚੇਤਨਾ ਦਾ ਆਸ਼ਾ, ਅਤੀਤਮੁਖੀ ਨਹੀਂ, ਭਵਿੱਖਮੁਖੀ ਹੋਇਆ ਕਰਦਾ ਹੈ। ਇਹ ਮਾਨਵ-ਚੇਤਨਾ ਵਿਚੋਂ ਹੀਨ-ਭਾਵਨਾ ਨੂੰ ਮਿਟਾ ਕੇ, ਸੱਚ ਦੇ ਰੂਪ ਵਿਚ ਸ੍ਵੈਮਨ ਨੂੰ ਜਗਾ ਕੇ ਚੰਗੇਰੇ ਜੀਵਨ-ਮੁੱਲਾਂ ਨੂੰ ਤਲਾਸ਼ ਕਰਨ ਵਿਚ ਸਦਾ ਤਤਪਰ ਰਹਿੰਦੀ ਹੈ।

ਦਲਿਤ ਚੇਤਨਾ, ਹਾਰੇ ਹੋਏ ਮਨੁੱਖ ਨੂੰ ਸ਼ਕਤੀ ਪ੍ਰਦਾਨ ਕਰਕੇ ਉਸ ਦੇ ਅੰਦਰਲੇ ਸੱਚ ਨੂੰ ਉਜਾਗਰ ਕਰਦਿਆਂ ਉਸ ਨੂੰ ਸੱਚ ਦੀ ਪ੍ਰਾਪਤੀ ਹਿਤ

ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਨਾ ਦਿੰਦੀ ਹੈ। ਇਥੇ 'ਦਲਿਤ' ਸ਼ਬਦ ਦੇ ਅਰਥ ਸਮਝਣੇ ਵੀ ਜ਼ਰੂਰੀ ਲੱਗਦੇ ਹਨ। 'ਦਲਿਤ' ਸ਼ਬਦ ਕਿਸੇ ਜਾਤੀ ਵਿਸ਼ੇਸ਼ ਦੇ ਦੁੱਖ ਦਰਦ ਜਾਂ ਸਮਾਜਕ ਵਿਵਸਥਾ ਦੀ ਕਰੂਰਤਾ ਦਾ ਹੀ ਲਖਾਇਕ ਨਹੀਂ ਸਗੋਂ ਇਕ ਵਿਵਸਥਾ ਪ੍ਰਤੀ ਵਿਚਾਰਧਾਰਕ ਅੰਦੋਲਨ ਦੇ ਸਰੂਪ ਨੂੰ ਵੀ ਨਿਸ਼ਚਿਤ ਕਰਦਾ ਹੈ। ਸੰਤ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਮੈਨੇਜਰ ਪਾਂਡੇ ਠੀਕ ਹੀ ਆਖਦੇ ਹਨ ਕਿ -

**ਅਗਰ ਦਲਿਤ ਕਾ ਅਰਥ**
**ਗੁਲਾਮੀ ਕੀ ਸਥਿਤੀ ਮੇਂ ਰਹਿਨੇ ਵਾਲੋਂ ਸੇ ਹੀ ਹੋਤਾ**
**ਤੋ ਉਸ ਮੇਂ ਗਾਂਧੀ ਜੀ ਕੇ ਹਰੀਜਨ,**
**ਇਸ ਦੇਸ਼ ਕੇ ਆਦਿਵਾਸੀ ਔਰ**
**ਇਸਤਰੀਆਂ ਸਭੀ ਸ਼ਾਮਿਲ ਹੋ ਜਾਤੀ ਹੈਂ,**
**ਲੇਕਨ ਜਬ ਮੈਂ 'ਦਲਿਤ' ਸ਼ਬਦ ਕਾ**
**ਪ੍ਰਯੋਗ ਕਰਤਾ ਹੂੰ ਤੋ ਮੇਰੇ ਧਯਾਨ ਮੇਂ ਦਲਿਤ**
**ਵੋਹ ਲੋਗ ਹੈਂ ਜਿਨ੍ਹੇਂ ਭਾਰਤ**
**ਵਰਣ-ਵਿਵਸਥਾ ਮੇਂ ਦਲਿਤ ਕਹਾ ਜਾਤਾ ਹੈ,**
**ਸਮਾਜ ਮੇਂ ਅਛੂਤ ਮਾਨਾ ਜਾਤਾ ਹੈ।੪**

ਦਰਅਸਲ ਭਾਰਤੀ ਸਮਾਜ ਦਾ ਤਾਣਾ-ਪੇਟਾ ਕੁਝ ਇਸ ਤਰ੍ਹਾਂ ਦਾ ਬੁਣਿਆ ਹੋਇਆ ਹੈ ਜਿਥੇ ਅਖੌਤੀ ਨੀਵੀਂ ਜਾਤ ਦਾ ਮਨੁੱਖ, ਮਾਨਵ ਸਮਾਜ ਦੇ ਹਰ ਖੇਤਰ ਵਿਚ ਮਾਨਸਕ ਯਾਤਨਾਵਾਂ ਅਤੇ ਆਰਥਕ ਥੋੜ੍ਹਾਂ ਕਾਰਨ ਅਜਿਹੀ ਕਿਸਮ ਦੀ ਭਿਆਨਕ ਦਸ਼ਾ ਵਾਲਾ ਜੀਵਨ ਜਿਊਂਦਾ ਸੀ ਜੋ ਆਮ ਪੀੜਤ ਮਨੁੱਖ ਨਾਲੋਂ ਵੱਖਰੀ ਕਿਸਮ ਦਾ ਸੀ। ਉਹ ਇਕ ਅਜਿਹਾ ਦਲਿਆ ਮਨੁੱਖ ਹੁੰਦਾ ਸੀ ਤੇ ਹੈ ਜੋ ਹਰ ਪੱਧਰ 'ਤੇ ਅਣਗੌਲਿਆ ਰਹਿੰਦਾ। ਮੇਰੀ ਜਾਚੇ ਅਜਿਹਾ ਮਨੁੱਖ ਹੀ 'ਦਲਿਤ' ਹੈ।

ਆਦਿ ਕਾਲ ਵਿਚ ਵਰਣ-ਵਿਵਸਥਾ ਮਾਨਵ-ਘਿਰਣਾ ਪੈਦਾ ਕਰਨ ਵਾਲੀ ਨਹੀਂ ਸੀ ਸਗੋਂ ਇਸ ਦਾ ਆਰੰਭ ਸਮਾਜਕ ਭਲਾਈ ਅਤੇ ਕਿੱਤਾ-ਨਿਪੁੰਨਤਾ ਨੂੰ ਸਨਮੁਖ ਰੱਖ ਕੇ ਕੀਤਾ ਗਿਆ ਸੀ। ਪਰ ਸਮਾਂ ਬੀਤਣ 'ਤੇ ਪੁਜਾਰੀ ਅਤੇ ਹਾਕਮ ਵਰਗ ਦੀ ਖੁਦਗਰਜ਼ੀ, ਲੋਭ, ਲਾਲਚ ਅਤੇ ਆਕੜ ਨੇ ਇਸ ਸੰਸਥਾ ਨੂੰ ਦੂਸ਼ਿਤ ਕਰ ਦਿੱਤਾ। ਵਿੱਦਿਆ ਆਡੰਬਰ, ਆਰਥਕ ਲੁੱਟ-ਖੋਹ, ਦੂਸ਼ਤ ਅਣਮਨੁੱਖੀ ਸਮਾਜਕ ਵਰਤਾਰਾ, ਅਨੈਤਿਕ ਜੀਵਨ ਮੁੱਲ ਸਮਾਜ ਵਿਚ ਪੱਕੇ ਪੈਰੀਂ ਸਥਾਪਤ ਹੋ ਗਏ ਜਿਸ ਦੇ ਫਲਸਰੂਪ ਮਾਨਵ ਜੀਵਨ ਦੇ ਵਿਕਾਸਮਈ ਮੁੱਲਾਂ ਦੇ ਅਰਥ ਹੀ ਗੁਆਚ ਗਏ। ਊਚ-ਨੀਚ ਤੇ ਜਾਤੀਵਾਦ ਦੀ ਲਹਿਰ ਨੇ ਮਾਨਵ-ਸਮਾਜ ਦੀ ਚਿੱਟੀ ਚਾਦਰ ਲਹੂ-ਲੁਹਾਨ ਕਰ ਦਿੱਤੀ। ਇਥੋਂ ਤੱਕ ਕਿ ਧਰਮ-ਕਰਮ ਇਕ ਵਿਸ਼ੇਸ਼ ਵਰਗ ਦੀ ਅਜ਼ਾਰੇਦਾਰੀ ਬਣ ਕੇ ਰਹਿ ਗਿਆ ਅਤੇ ਹਕੂਮਤ 'ਤੇ ਕਬਜ਼ਾ, ਖੱਤਰੀਆਂ ਦਾ ਹੋ ਗਿਆ। ਇਸ ਵਿਵਸਥਾ ਵਿਚ ਸ਼ੂਦਰ ਅਥਵਾ ਦਲਿਤ ਪੂਰੀ ਤਰ੍ਹਾਂ ਅਣਫਿੱਟ ਸੀ। ਭਗਤ ਰਵਿਦਾਸ ਜੀ ਨੇ ਸਮਾਜ ਵਿਚ ਫੈਲੀ ਇਸ ਵਿਵਸਥਾ ਨੂੰ ਪਹਿਲਾਂ ਚੰਗੀ ਤਰ੍ਹਾਂ ਸਮਝਿਆ, ਵਿਚਾਰਿਆ ਅਤੇ ਫੇਰ ਇਸ ਦਾ ਸਮਾਧਾਨ ਪ੍ਰਸਤੁਤ ਕੀਤਾ।

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਦਾ ਪਹਿਲਾ ਕਾਰਜ ਸੀ ਮਾਨਵ-ਚੇਤਨਾ ਵਿਚ ਅਧਿਆਤਮਕ ਪੱਧਰ 'ਤੇ ਸ੍ਵੈ-ਚੇਤਨਾ ਦਾ ਉਭਾਰ ਪੈਦਾ ਕਰਨਾ ਅਤੇ ਉਨ੍ਹਾਂ ਦੀ ਪਤਨਮੁਖੀ ਚੇਤਨਾ ਨੂੰ ਜਾਗਰਿਕ ਕਰਨਾ। ਨਿਰਸੰਦੇਹ ਭਗਤ ਰਵਿਦਾਸ ਜੀ ਦਾ ਭਾਈਚਾਰਾ, ਇਕ ਅਜਿਹੇ ਗੰਧਲੇ ਮਾਹੌਲ ਵਿਚ ਰਹਿੰਦਾ ਸੀ ਜੋ ਮਰੇ ਹੋਏ ਪਸ਼ੂਆਂ ਨੂੰ ਢੋਣ ਦੀ ਕਾਰ ਕਰਦੇ ਸਨ। ਹਾਕਮਾਂ ਦੀ ਵਗਾਰ ਕਰਨੀ ਅਤੇ ਪੁਜਾਰੀਆਂ ਦੀ ਫਿਟਕਾਰ ਸਹਿਣੀ ਇਸ ਵਰਗ ਦਾ ਨਿੱਤ-ਕਰਮ ਸੀ। ਅਜਿਹੇ ਕਸ਼ਟ ਭਰੇ ਮਾਹੌਲ ਵਿਚ ਕਿਸੇ ਵਿਅਕਤੀ ਵੱਲੋਂ ਵਿਕਾਸ-ਮਾਰਗ 'ਤੇ ਤੁਰਨ ਦਾ ਹੌਂਸਲਾ ਕਰਨਾ ਬੜਾ ਕਠਨ ਕਾਰਜ ਹੈ, ਕ੍ਰਿਆਤਮਕ ਕਾਰਜ ਕਰਨ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ।

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਪਰ ਇਹ ਚਮਤਕਾਰ ਕਰ ਵਿਖਾਇਆ ਰਵਿਦਾਸ ਜੀ ਨੇ ਹਾਕਮ ਜਮਾਤ ਤੋਂ ਨਿਰਭਉ ਹੋ ਕੇ ਅਤੇ ਪੁਜਾਰੀਆਂ ਦੇ ਫਤਵਿਆਂ ਤੋਂ ਪਿੱਠ ਕਰਕੇ ਆਪਣੀ ਅੰਮ੍ਰਿਤਮਈ ਬਾਣੀ ਦੇ ਇਨ੍ਹਾਂ ਬੋਲਾਂ ਨਾਲ ਕਿ :

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥**
**(ਸੋਰਠਿ ਰਵਿਦਾਸ ਜੀ, ਪੰਨਾ ੬੫੮)**

ਭਾਵ ਜਦੋਂ ਹਰ ਪ੍ਰਾਣੀ ਵਿਚ ਉਹ ਇਕੋ ਇਕ ਪਰਮਾਤਮਾ ਆਪ ਵਿਦਮਾਨ ਹੈ ਅਤੇ ਉਸ ਨੂੰ ਆਪ ਹੀ ਭੋਗ ਰਿਹਾ ਹੈ ਤਾਂ ਫਿਰ ਮਾਨਵ-

ਅੰਤਰ ਪਾੜ ਕੈਸਾ? ਇਥੋਂ ਤਕ ਆਪ ਜੀ ਨੇ ਪਰਮਾਤਮਾ ਨੂੰ ਸੰਬੋਧਤ ਹੁੰਦੇ ਆਖਿਆ:

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**
**ਕਨਕ ਕਟਿਕ ਜਲ ਤਰੰਗ ਜੈਸਾ॥**

**(ਸਿਰੀਰਾਗੁ, ਰਵਿਦਾਸ ਜੀ, ਪੰਨਾ ੯੩)**

ਭਾਵ - ਹੇ ਪ੍ਰਭੂ! ਜਦੋਂ ਤੇਰੇ ਤੇ ਮੇਰੇ ਵਿਚਕਾਰ ਕੋਈ ਅੰਤਰ ਨਹੀਂ ਹੈ ਤਾਂ ਮਨੁੱਖ ਦੇ ਬਣਾਏ ਹੋਏ ਇਸ ਅੰਤਰ (ਵਰਣ-ਵੰਡ) ਦੀ ਕੀ ਸਾਰਥਕਤਾ ਰਹਿ ਜਾਂਦੀ ਹੈ? ਭਗਤ ਰਵਿਦਾਸ ਜੀ ਦੀ ਇਸ ਪਹੁੰਚ ਵਿਧੀ ਨੇ ਪ੍ਰਭੂ-ਭਗਤੀ ਦੇ ਕਿਵਾੜ ਹਰੇਕ ਵਿਅਕਤੀ ਲਈ ਖੋਲ੍ਹ ਦਿੱਤੇ ਅਤੇ ਲੋਕ-ਮਾਨਸ ਦੀ ਚੇਤਨਾ ਵਿਚ ਇਹ ਸਿਧਾਂਤ ਦ੍ਰਿੜ੍ਹ ਕਰ ਦਿੱਤਾ ਕਿ ਪਰਮਾਤਮਾ ਕੇਵਲ ਤੇ ਕੇਵਲ ਇਕ ਹੈ। ਉਹੋ ਸਭ ਦਾ ਸਿਰਜਨਹਾਰ, ਪਾਲਨਹਾਰ ਤੇ ਸੰਘਾਰਨਹਾਰ ਹੈ। ਉਸ ਪਰਮਾਤਮਾਂ ਦੀਆਂ ਨਜ਼ਰਾਂ ਵਿਚ ਵਰਣ-ਵੰਡ, ਧਰਮ-ਵੰਡ, ਸ਼੍ਰੇਣੀ-ਵੰਡ, ਲਿੰਗ ਭੇਦ ਵੰਡ ਆਦਿ ਕੋਈ ਕੀਮਤ ਨਹੀਂ ਰੱਖਦੀਆਂ। ਉਸ ਪਰਮਾਤਮਾਂ ਦੇ ਰੂਪ ਅਨੇਕ ਹੋ ਸਕਦੇ ਹਨ, ਨਾਮ ਅਨੇਕ ਹੋ ਸਕਦੇ ਹਨ ਪਰ ਉਸ ਦੀ ਪਰਮਜੋਤਿ ਇਕੋ ਇਕ ਹੈ। ਧਰਮ-ਖੇਤਰ ਵਿਚ ਭਗਤ ਰਵਿਦਾਸ ਜੀ ਦਾ ਇਹ ਅਜਿਹਾ ਪੈਂਤੜਾ ਸੀ ਜਿਸ ਨੇ ਵੱਡੇ-ਵੱਡੇ ਪੰਡਤਾਂ ਦੇ ਸਿਰ ਝੁਕਾ ਦਿੱਤੇ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਗਲਤਾਨ ਮਨੁੱਖਾਂ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਆਪ ਦਾ ਸੰਦੇਸ਼ ਸੀ :

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ॥**

**(ਆਸਾ ਰਵਿਦਾਸ ਜੀ, ਪੰਨਾ ੪੮੬)**

ਦਿਨ ਰਾਤ ਧਨ-ਸੰਪਤੀ ਇਕੱਤਰ ਕਰਨ ਲਈ ਹਰ ਪ੍ਰਕਾਰ ਦੇ ਉਚਿਤ ਅਨਉਚਿਤ ਢੰਗ ਵਰਤਣ ਵਾਲੇ ਮਨੁੱਖ ਨੂੰ ਆਪ ਜੀ ਸੁਚੇਤ ਕਰਦੇ ਹਨ :

**ਸੰਪਤਿ ਬਿਪਤਿ ਪਟਲ ਮਾਇਆ ਧਨੁ ॥**
**ਤਾ ਮਹਿ ਮਗਨ ਹੋਤ ਨ ਤੇਰੋ ਜਨ ॥**

**(ਆਸਾ ਰਵਿਦਾਸ ਜੀ, ਪੰਨਾ ੪੮੭)**

ਭਗਤ ਰਵਿਦਾਸ ਜੀ ਦੀਆਂ ਨਜ਼ਰਾਂ ਵਿਚ ਪਰਮਾਤਮਾ ਨੂੰ ਖੁਸ਼ ਕਰਨ ਲਈ ਫੋਕੇ ਕਰਮਕਾਂਡ ਕਰਨ ਦੀ ਜੁਗਤ ਅਤੇ ਉਸ ਨੂੰ ਸੰਸਾਰੀ ਪਦਾਰਥ ਭੇਟ ਕਰਨ ਦੀਆਂ ਪੂਜਾ-ਪੱਧਤੀਆਂ ਕੋਈ ਸਾਰਥਕਤਾ ਨਹੀਂ ਰੱਖਦੀਆਂ ਕਿਉਂਕਿ ਇਨ੍ਹਾਂ ਨੂੰ ਵੱਖ-ਵੱਖ ਪੱਧਰਾਂ 'ਤੇ ਪਹਿਲਾਂ ਝੂਠਾ ਕਰ ਦਿੱਤਾ ਹੁੰਦਾ ਹੈ। ਸੱਚੀ-ਸੁੱਚੀ ਵਸਤ ਜੋ ਉਸ ਪਰਮਾਤਮਾਂ ਨੂੰ ਖੁਸ਼ ਕਰ ਸਕਦੀ ਹੈ ਉਹ ਹੈ ਕੇਵਲ ਉਸ ਨਾਲ ਕੀਤੀ ਜਾਣ ਵਾਲੀ ਸੱਚੀ-ਸੁੱਚੀ ਪ੍ਰੀਤ। ਏਸੇ ਲਈ ਭਗਤ ਰਵਿਦਾਸ ਜੀ ਸੱਚੀ ਪ੍ਰੀਤ ਦੀ ਗੱਲ ਕਰਦੇ ਹਨ :

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੯)**

ਭਗਤ ਰਵਿਦਾਸ ਜੀ ਪ੍ਰੇਮ-ਜੁਗਤ ਨੂੰ ਬਹੁਤ ਹੀ ਮਹੱਤਤਾ ਦਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰੇਮ-ਭਗਤ ਇਕ ਐਸਾ ਬੰਧਨ ਹੈ ਜੋ ਪਰਮਾਤਮਾ ਨੂੰ ਵੀ ਵੱਸ ਕਰ ਲੈਂਦਾ ਹੈ :

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥**
**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੮)**

ਇਸ ਸੰਸਾਰ ਵਿਚ ਪੈਦਾ ਹੋਏ ਫਾਨੀ ਮਨੁੱਖ ਨੂੰ ਆਪ ਜੀ ਸਾਵਧਾਨ ਕਰਦੇ ਹਨ ਕਿ ਜਿਹੜੇ ਤੂੰ ਉੱਚੇ ਮਹਿਲ ਮਾੜੀਆਂ ਉਸਾਰੇ ਹੋਏ ਹਨ, ਇਨ੍ਹਾਂ ਦੀ ਪ੍ਰਾਪਤੀ ਖਾਤਰ ਹਰ ਪ੍ਰਕਾਰ ਦੇ ਅਨਉਚਿਤ ਢੰਗ ਵਰਤੇ ਹਨ ਅਤੇ ਆਪਣੀਆਂ ਮਨਮਾਨੀਆਂ ਪੁਗਾਉਣ ਲਈ ਕੋਈ ਵੀ ਅਨੈਤਿਕ ਕਰਮ ਕਰਨ ਤੋਂ ਝਿਜਕ ਨਹੀਂ ਵਿਖਾਈ, ਸੱਚ ਤਾਂ ਇਹ ਹੈ ਕਿ ਇਹ ਸਭ ਕੁਝ ਇਥੇ ਹੀ ਰਹਿ ਜਾਣਾ ਹੈ, ਮਨੁੱਖ ਦੇ ਨਾਲ ਨਹੀਂ ਜਾਣਾ :

**ਊਚੇ ਮੰਦਰ ਸਾਲ ਰਸੋਈ ॥**
**ਏਕ ਘਰੀ ਫੁਨਿ ਰਹਨੁ ਨ ਹੋਈ ॥**

**(ਸੂਹੀ ਰਵਿਦਾਸ ਜੀ, ਪੰਨਾ ੭੯੪)**

ਕਿਉਂਕਿ ਵਾਸਤਵ ਵਿਚ ਹਰ ਇਨਸਾਨ ਇਸ ਸੰਸਾਰ ਵਿਚ ਇਕ ਸੀਮਤ ਆਯੂ ਲੈ ਕੇ ਪੈਦਾ ਹੁੰਦਾ ਹੈ ਅਤੇ ਇਕ ਮੁਸਾਫਰ ਵਾਂਗ, ਆਪਣੀ ਉਮਰ ਭੋਗ ਕੇ ਇਸ ਸੰਸਾਰ ਰੂਪੀ ਸਰਾਂ ਨੂੰ ਖਾਲੀ ਕਰ ਜਾਂਦਾ ਹੈ :

**ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥**
**ਜੈਸੇ ਤਰਵਰ ਪੰਖਿ ਬਸੇਰਾ ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੯)**

ਏਸੇ ਲਈ ਆਪ ਜੀ ਇਸ ਮਨੁੱਖਾ ਜਨਮ ਨੂੰ ਦੁਲੱਭ ਆਖਦਿਆਂ ਮਨੁੱਖ ਨੂੰ ਸਾਵਧਾਨ ਕਰਦੇ ਹਨ :

**ਕਿਆ ਤੂ ਸੋਇਆ ਜਾਗੁ ਇਆਨਾ ॥**
**ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥**

**(ਸੂਹੀ ਰਵਿਦਾਸ ਜੀ, ਪੰਨਾ ੭੯੪)**

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਵੱਲੋਂ ਆਪਣੀ ਬਾਣੀ ਵਿਚ ਪ੍ਰਸਤੁਤ ਕੀਤਾ ਗਿਆ 'ਬੇਗਮ ਪੁਰਾ ਸਹਰ ਕੋ ਨਾਉ' (ਗਉੜੀ ਰਵਿਦਾਸ ਜੀ, ਪੰਨਾ ੩੪੫) ਦਾ ਸੰਕਲਪ ਅੱਜ ਵੀ ਸਮੁੱਚੇ ਵਿਸ਼ਵ ਨੂੰ ਪਿਆਰ-ਭਰੀਆਂ ਗਲਵਕੜੀਆਂ ਪਾਉਣ ਦੇ ਸਮਰੱਥ ਹੋ ਸਕਦਾ ਹੈ, ਜੇਕਰ ਇਸ ਦੀ ਮੂਲ ਭਾਵਨਾ ਸਮਝ ਕੇ ਇਸ ਉਪਰ ਅਮਲ ਕੀਤਾ ਜਾਵੇ।

ਇਸ ਤਰ੍ਹਾਂ ਭਗਤ ਰਵਿਦਾਸ ਬਾਣੀ ਦਾ ਦਲਿਤ ਪ੍ਰਸੰਗ ਉਸ ਮਾਨਵ-ਸਮਾਜ ਦੀ ਆਧਾਰਸ਼ਿਲਾ ਰੱਖਦਾ ਹੈ ਜਿਥੇ ਧਰਮ-ਵੰਡ, ਵਰਣ-ਵੰਡ, ਸ਼੍ਰੇਣੀ-ਵੰਡ, ਨਸਲ-ਵੰਡ ਆਦਿ ਲਈ ਕੋਈ ਥਾਂ ਨਹੀਂ। ਆਪ ਜੀ ਦੀ ਸਮੁੱਚੀ ਬਾਣੀ ਵਿਚ ਇਕ ਵੀ ਅਜਿਹਾ ਸ਼ਬਦ ਪ੍ਰਾਪਤ ਨਹੀਂ ਹੁੰਦਾ ਜੋ ਕਿਸੇ ਵੀ ਪ੍ਰਾਣੀ ਦੇ ਮਨ ਮੰਦਰ ਨੂੰ ਠੇਸ ਪਹੁੰਚਾਉਣ ਦਾ ਕਾਰਨ ਬਣ ਸਕਦਾ ਹੋਵੇ।

ਏਥੋਂ ਤਕ ਕਿ ਇਹ ਉਸ ਮਾਣ-ਮੱਤੇ ਵਰਗ ਨੂੰ ਵੀ ਪ੍ਰੇਮਮਈ ਬੋਲਾਂ ਨਾਲ ਸੰਬੰਧਿਤ ਹੁੰਦੇ ਹਨ ਜਿਨ੍ਹਾਂ ਦੀਆਂ ਸੰਕੀਰਨ ਰੁਚੀਆਂ ਕਾਰਨ ਦਲਿਤ ਵਰਗ ਨੂੰ ਸੰਤਾਪ ਭੋਗਣਾ ਪਿਆ। ਆਪ ਜੀ ਦੀ ਬਾਣੀ ਦਾ ਦਲਿਤ ਪ੍ਰਸੰਗ, ਮਾਨਵ-ਚੇਤਨਾ ਵਿਚ ਸ੍ਵੈਮਾਨ ਦਾ ਅਹਿਸਾਸ ਜਗਾ ਕੇ ਮਾਨਵ-ਭਾਈਚਾਰੇ ਨੂੰ ਪ੍ਰੇਮ-ਬੰਧਨ ਵਿਚ ਜੋੜਨ ਦਾ ਕਾਰਜ ਕਰਦਾ ਹੈ। ਆਪ ਜੀ ਦੀ ਬਾਣੀ ਵਿਚਲੀ ਪ੍ਰੇਮ-ਬੰਧਨ ਵਾਲੀ ਜੁਗਤ, ਅੱਜ ਵੀ ਮਾਨਵ-ਜੀਵਨ ਵਿਚ ਧਾਰਨ ਕਰਨ ਦੀ ਅਤਿਅੰਤ ਲੋੜ ਹੈ। ਅਜਿਹਾ ਕਰਨ ਨਾਲ ਹੀ ਵਿਸ਼ਵੀਕਰਨ ਦੇ ਅਜੋਕੇ ਯੁੱਗ ਵਿਚ ਨਿੱਜ ਲਾਭਾਂ ਲਈ ਵੱਡੀਆਂ-ਵੱਡੀਆਂ ਪੁਲਾਂਘਾਂ ਪੁੱਟਣ ਲਈ ਮਾਨਵ-ਸੋਚ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਜੰਮੂ ਭਰੜੀ ਦੇ ਇਲਾਕੇ ਦਾ ਦੌਰਾ

ਸਰਦੀ ਦੇ ਦਿਨ ਸਨ। ਆਪ ਜੀ ਨੇ ਜੰਮੂ ਰਿਆਸਤ ਦੇ ਪਿੰਡਾਂ ਵਿਚ ਜਾਣ ਦਾ ਪ੍ਰੋਗਰਾਮ ਇਸ ਤਰ੍ਹਾਂ ਬਣਾਇਆ ਕਿ ਕੀਰ ਪਿੰਡ ਦੇ ਭਾਈ ਗੈਹਣਾ ਸਿੰਘ ਜੀ ਫੌਜ ਤੋਂ ਰਿਹਾਇਟਰ ਹੋ ਕੇ ਆਏ ਸਨ, ਬੜੇ ਭਜਨੀਕ, ਨਾਮ ਬਾਣੀ ਦੇ ਰਸੀਏ ਸਨ। ਆਪ ਜੀ ਮੁਰਾਲੇ ਪੁਜੇ ਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਚਰਨ ਪਰਸੇ, ਨਮਸ਼ਕਾਰ ਕੀਤੀ। ਮਹਾਂਪੁਰਖਾਂ ਪੁਛਿਆ – ਗੁਰਮੁਖ ਜੀ! ਕਿਥੋਂ ਆਏ ਹੋ? ਆਪ ਜੀ ਨੇ ਕਿਹਾ ਕਿ ਮਹਾਰਾਜ! ਜੰਮੂ ਦੀ ਰਿਆਸਤ ਵਿਚ ਕੀਰ ਪਿੰਡ ਹੈ, ਦਾਸ ਉਥੋਂ ਆਇਆ ਹੈ ਤੇ ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਦਾਸ ਨੇ ਅਖੰਡ ਪਾਠ ਕਰਾਉਣਾ ਹੈ ਤੇ ਆਪ ਜੀ ਦਰਸ਼ਨ ਦਿਉ। ਆਪ ਜੀ ਨੇ ਅਜੇ ਤੱਕ ਭਰੜੀ ਦੇ ਇਲਾਕੇ ਵਿਚ ਚਰਨ ਨਹੀਂ ਪਾਏ। ਇਸ ਤਰ੍ਹਾਂ ਆਪ ਜੀ ਦੇ ਸੰਗਤਾਂ ਨੂੰ ਦਰਸ਼ਨ ਭੀ ਹੋ ਜਾਣਗੇ। ਮਹਾਂਪੁਰਖਾਂ ਕਿਹਾ ਕਿ ਅਸੀਂ ਭੀ ਭਰੜੀ ਦੇ ਇਲਾਕੇ ਵਿਚ ਟਾਂਡੇ ਸਕੂਲ ਦੀ ਉਗਰਾਹੀ ਲਈ ਜਾਣਾ ਚਾਹੁੰਦੇ ਸਾਂ। ਭਾਈ ਗੈਹਣਾ ਸਿੰਘ ਜੀ ਨੇ ਕਿਹਾ ਕਿ ਮਹਾਰਾਜ! ਨਾਲੇ ਸਕੂਲ ਦੀ ਉਗਰਾਹੀ ਉਸ ਇਲਾਕੇ ਵਿਚ ਹੋ ਜਾਵੇਗੀ, ਨਾਲੇ ਸੰਗਤਾਂ ਨੂੰ ਦਰਸ਼ਨ ਹੋ ਜਾਣਗੇ। ਮਹਾਂਪੁਰਖ ਭਾਈ ਗੈਹਣਾ ਸਿੰਘ ਜੀ ਦਾ ਬਚਨ ਮੰਨ ਲਿਆ ਤੇ ਤਾਰੀਖ ਦੇ ਦਿੱਤੀ। ਭਾਈ ਗੈਹਣਾ ਸਿੰਘ ਜੀ ਦਰਸ਼ਨ ਕਰਕੇ ਵਾਪਸ ਚਲੇ ਗਏ। ਸਾਰੇ ਇਲਾਕੇ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਭਰੜੀ ਵਿਚ ਪੁੱਜਣ ਦੀ ਖ਼ਬਰ ਦੇ ਦਿੱਤੀ ਤੇ ਦੱਸਿਆ ਕਿ ਸਭ ਤੋਂ ਪਹਿਲਾਂ ਭਾਈ ਗੈਹਣਾ ਸਿੰਘ ਜੀ ਦੇ ਘਰ ਅਖੰਡ ਪਾਠ ਦੇ ਭੋਗ ਤੇ ਕੀਰ ਪਿੰਡ ਪੁੱਜਣਗੇ।

ਸੰਤ ਬਾਬਾ ਪ੍ਰੇਮ ਸਿੰਘ ਜੀ, ਦਾਸ, ਭਾਈ ਭਾਗ ਸਿੰਘ ਜੀ, ਭਾਈ ਕੇਹਰ ਸਿੰਘ ਜੀ ਆਦਿ ਸਾਰੇ ਸੱਜਣ ਨਾਲ ਲੈ ਕੇ ਨਿਯਤ ਤਾਰੀਖ ਤੇ ਕੀਰ ਪਿੰਡ ਪੁੱਜੇ। ਸੰਗਤਾਂ ਦਾ ਬੜਾ ਭਾਰੀ ਇਕੱਠ ਸੀ। ਅਖੰਡ ਪਾਠ ਦਾ ਭੋਗ ਪਿਆ। ਮਹਾਂਪੁਖਾਂ ਕੀਰਤਨ ਕੀਤਾ, ਦਾਸ ਨੇ ਕਥਾ ਕੀਤੀ। ਕਿਉਂਕਿ ਸਾਰੇ ਇਲਾਕੇ ਵਿਚ ਇਹ ਖ਼ਬਰ ਪੁੱਜ ਗਈ ਸੀ ਕਿ ਅਮਕੀ ਤਾਰੀਖ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਕੀਰ ਪਿੰਡ ਪੁੱਜਣਗੇ। ਸੋ ਸੰਗਤਾਂ ਨੂੰ ਦਰਸ਼ਨ ਦੀ ਬੜੀ ਭਾਰੀ ਉਮੰਗ ਸੀ। ਮੈਨੂੰ ਯਾਦ ਹੈ ਕਿ ਲੰਗਰ ਦੀ ਸੇਵਾ ਭਾਈ ਗੈਹਣਾ ਸਿੰਘ ਜੀ ਨੇ ਬੜੇ ਉਤਸ਼ਾਹ ਨਾਲ ਕੀਤੀ। ਲੰਗਰ ਛਕਣ ਤੋਂ ਉਪਰੰਤ ਸੰਗਤਾਂ ਨੇ ਮਹਾਂਪੁਰਸ਼ ਨੂੰ ਆਰਾਮ ਭੀ ਨਹੀਂ ਸੀ ਕਰਨ ਦਿੱਤਾ ਅਤੇ ਜਿਸ ਕਮਰੇ ਵਿਚ ਮਹਾਂਪੁਰਖ ਆਰਾਮ ਕਰ ਰਹੇ ਸਨ, ਉਸ ਦੇ ਅੱਗੇ ਭੀੜ ਲੱਗੀ ਹੋਈ ਸੀ। ਦਰਸ਼ਨਾਂ ਦੀ ਭਾਰੀ ਖਿੱਚ ਸੀ।

ਅਖੀਰ ਅਸੀਂ ਆਪ ਜੀ ਨੂੰ ਬਾਹਰ ਖੁਲ੍ਹੀ ਥਾਂ ਵਿਚ ਲਿਆ ਕੇ ਮੰਜੇ ਤੇ ਬਿਠਾਇਆ, ਵਾਰੋ ਵਾਰੀ ਸੰਗਤਾਂ ਨੂੰ ਦਰਸ਼ਨ ਕਰਵਾਏ ਤੇ ਨਾਲ ਹੀ ਸੰਗਤਾਂ ਨੂੰ ਬਿਠਾ ਕੇ ਚੰਗੀ ਤਰ੍ਹਾਂ ਦੱਸਿਆ ਕਿ ਭਾਈ ਗੈਹਣਾ ਸਿੰਘ ਜੀ ਨੇ ਉੱਦਮ ਕੀਤਾ ਹੈ, ਸੰਗਤਾਂ ਦੇ ਦਰਸ਼ਨ ਕਰਾਏ ਹਨ। ਮਹਾਂਪੁਰਖ ਬੜੇ ਖੁਸ਼ ਹਨ ਜੋ ਤੁਸੀਂ ਇਸ ਸਮਾਗਮ ਵਿਚ ਹੁਮ-ਹੁਮਾ ਕੇ ਪੁੱਜੇ ਹੋ। ਮਹਾਂਪੁਰਖਾਂ ਨੇ ਟਾਂਡੇ ਖ਼ਾਲਸਾ ਹਾਈ ਸਕੂਲ ਖੋਲ੍ਹਿਆ ਹੈ, ਇਹ ਬੜਾ ਵੱਡਾ ਕੰਮ ਹੈ। ਇਸ ਲਈ ਸਾਰੇ ਬਰਾਦਰੀ ਦੇ ਪਿੰਡਾਂ ਨੇ ਉਸ ਵਿਚ ਹਿੱਸਾ ਪਾਉਣਾ ਹੈ। ਆਪ ਜੀ ਤੁਹਾਡੇ ਸਾਰੇ ਪਿੰਡਾਂ ਵਿਚ ਭੀ ਪੁੱਜ ਕੇ ਦਰਸ਼ਨ ਦੇਣਗੇ। ਤੁਸੀਂ ਬੜੇ ਦਿਲ ਖੋਲ੍ਹ ਕੇ ਮਾਇਆ ਦੇ ਕੇ ਮਹਾਂਪੁਰਖਾਂ ਦੀ ਖੁਸ਼ੀ ਹਾਸਲ ਕਰਨੀ ਹੈ। ਇਸ ਤਰ੍ਹਾਂ ਦਾਸ ਨੇ ਸਾਰੀਆਂ ਸੰਗਤਾਂ ਨੂੰ ਸੂਚਨਾ ਦੇ ਦਿੱਤੀ। ਇਕ ਦੋ ਦਿਨ ਕੀਰ ਪਿੰਡ ਉਗਰਾਹੀ ਕੀਤੀ। ਇਸ ਪਿੰਡ ਦੀ ਸੰਗਤ ਨੇ ਬੜੀ ਖੁੱਲ੍ਹ ਦਿਲੀ ਨਾਲ ਮਾਇਆ ਅਰਦਾਸ ਕਰਾਈ। ਇਥੋਂ ਸ. ਉੱਤਮ ਸਿੰਘ, ਸ. ਫੱਗਾ ਸਿੰਘ, ਭਾਈ ਗੈਹਣਾ ਸਿੰਘ ਜਮੇਦਾਰ ਤੇ ਗੈਹਣਾ ਸਿੰਘ ਜੋ ਇਲਾਕੇ ਦੇ ਸੱਜਣ ਵਾਕਫ਼ ਸਨ, ਨਾਲ ਲਏ ਅਤੇ ਭਾਊ ਕੋਟਲੀ ਹੀਰੂ, ਕੋਟਲੀ ਅਰਜਨ ਸਿੰਘ, ਦਬਲੈੜ, ਜੰਗੂ ਚੱਕ, ਸਿੰਬਲੀ, ਸੁਜਮਾ ਅਤੇ ਬੜੀ ਦੂਰ ਜੰਮੂ ਤੋਂ ਉੱਤੇ ਪਹਾੜ ਵਿਚ ਜੁੰਗਵੜੀ ਆਦਿ (ਕਈ ਪਿੰਡਾਂ ਦੇ ਨਾਮ ਯਾਦ ਭੀ ਨਹੀਂ ਰਹੇ)। ਪਿੰਡਾਂ ਵਿਚ ਉਗਰਾਹੀ ਕਰਦੇ ਵਾਪਸ ਘੋੜੀਆਂ ਤੇ ਹੈੱਡ ਮੁਰਾਲੇ ਰਾਹੀਂ ਟਾਂਡੇ ਪੁੱਜੇ। ਸੰਤ ਮਹਾਰਾਜ ਜੀ ਨੇ ਬੜੀ ਖੁਸ਼ੀ ਪ੍ਰਗਟ ਕੀਤੀ। ਭਰੜੀ ਦੇ ਇਲਾਕੇ ਉੱਤੇ ਇਨ੍ਹਾਂ ਬੜੇ ਥੋੜ੍ਹੇ ਦਿਨਾਂ ਵਿਚ ਦਸ ਹਜ਼ਾਰ ਰੁਪਯਾ ਨਕਦ ਦਿੱਤਾ। ਇਹ ਉਹ ਸਮਾਂ ਸੀ ਜਦੋਂ ਪੈਸਾ ਬੜਾ ਮੁਸ਼ਕਲ ਬਣਦਾ ਸੀ। ਇਸੇ ਲਈ ਜਦੋਂ ਸਕੂਲ ਦੇ ਨਾਲ ਹੋਸਟਲ ਬਣਿਆ ਤਾਂ ਆਪ ਜੀ ਨੇ ਭਰੜੀ ਦੇ ਇਲਾਕੇ ਦਾ, ਹੋਸਟਲ ਦੇ ਗੇਟ ਤੇ ਪੱਥਰ ਲੁਆਇਆ। ਆਪ ਇਸ ਇਲਾਕੇ ਦੀਆਂ ਸੰਗਤਾਂ ਦਾ ਪ੍ਰੇਮ ਤੇ ਉਤਸ਼ਾਹ ਵੇਖ ਕੇ ਬਹੁਤ ਖੁਸ਼ ਸਨ। ਭਾਈ ਗੈਹਣਾ ਸਿੰਘ ਜੀ ਦੇ ਉੱਤੇ ਭੀ ਮਹਾਂਪੁਰਖ ਬੜੇ ਖੁਸ਼ ਹੋਏ ਅਤੇ ਨਿਹਾਇਤ ਪ੍ਰਸੰਨਤਾ ਪ੍ਰਗਟ ਕੀਤੀ।

ਜੰਮੂ ਰਿਆਸਤ ਵਿਚ ਹੀ ਰਨਬੀਰ ਸਿੰਘ ਪੁਰੇ ਦੇ ਪਾਸ ਸ. ਵਸਾਖਾ ਸਿੰਘ ਦੇ ਕੋਠੇ ਪਿੰਡ ਵਿਚ ਸ. ਹਰਨਾਮ ਸਿੰਘ, ਸ. ਬਰਕਤ ਸਿੰਘ ਰਹਿੰਦੇ ਸਨ, ਇਨ੍ਹਾਂ ਨੇ ਮਹਾਂਪੁਰਖਾਂ ਦੀ ਬੜੀ ਸੇਵਾ ਕੀਤੀ ਅਤੇ ਬੜੇ ਖੁਲ੍ਹੇ ਦਿਲ ਨਾਲ ਸਕੂਲ ਲਈ ਮਾਇਆ ਅਰਦਾਸ ਕਰਾਈ। ਇਨ੍ਹਾਂ ਨੇ ਆਪਣੇ ਪਿਤਾ ਦੇ ਨਾਮ ਤੇ ਹੀ ਪਿੰਡ ਆਬਾਦ ਕੀਤਾ ਸੀ। ਇਥੇ ਜ਼ਮੀਨ ਲੈ ਕੇ ਆਪਣਾ ਖੇਤੀ ਦਾ ਕਾਰੋਬਾਰ ਅਤੇ ਆਪਣੀਆਂ ਬੱਸਾਂ ਬਣਾ ਕੇ ਟਰਾਂਸਪੋਰਟ ਦਾ ਕੰਮ ਸ਼ੁਰੂ ਕੀਤਾ।

ਸ. ਹਰਨਾਮ ਸਿੰਘ ਜੀ ਨੇ ਜੰਮੂ ਕਸ਼ਮੀਰ ਬੱਸ ਸਰਵਿਸ ਕੰਪਨੀ ਬਣਾਈ। ਬੜਾ ਚੰਗਾ ਕੰਮ ਚਲਿਆ। ਇਨ੍ਹਾਂ ਆਪਣੀਆਂ ਬੱਸਾਂ ਲਿਜਾ ਕੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਇਲੈਕਸ਼ਨ ਵਿਚ ਭੀ ਬੜਾ ਕੰਮ ਕੀਤਾ ਤੇ ਆਪਣੀ ਕਮਾਈ ਵਿਚੋਂ ਚਾਲੀ ਹਜ਼ਾਰ ਰੁਪਏ ਦੀ ਸ੍ਰੀ ਦਰਬਾਰ ਸਾਹਿਬ ਦੀ ਦੁੱਖ ਭੰਜਨੀ ਸਾਹਿਬ ਵਾਲੀ ਡਿਉਢੀ ਵਿਚ ਸੇਵਾ ਕੀਤੀ, ਇਨ੍ਹਾਂ ਦੇ ਨਾਮ ਦਾ ਲੱਗਾ ਹੋਇਆ ਪੱਥਰ ਭੀ ਸੋਭ ਰਿਹਾ ਹੈ। ਇਨ੍ਹਾਂ ਦਾ ਪ੍ਰਵਾਰ ਹੁਣ ਜੰਮੂ ਹੀ ਨਿਵਾਸ ਕਰਦਾ ਹੈ।

# ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ



ਮੇਜਰ ਸੰਗਤ ਸਿੰਘ ਬਾਵਾ (ਡੀ.ਈ.ਓ.) (ਰਿਟਾ.)

ਭਾਈ ਮੱਖਣ ਸ਼ਾਹ ਲੁਬਾਣਾ ਸਿੱਖ ਗੁਰੂਆਂ ਤੇ ਸਿੱਖ ਧਰਮ ਵੱਲ ਕਿਵੇਂ ਇੰਨੇ ਸ਼ਰਧਾਵਾਨ ਸਨ? ਸਾਰੇ ਇਤਿਹਾਸਿਕ ਤੱਥ ਇਹ ਸਪੱਸ਼ਟ ਕਰਦੇ ਹਨ ਕਿ ਭਾਈ ਮੱਖਣ ਸ਼ਾਹ ਦੇ ਹਜ਼ਾਰਾਂ ਭਾਰ ਢੋਣ ਵਾਲੇ ਪਸ਼ੂ, ਕਈ ਸਮੁੰਦਰੀ ਜਹਾਜ਼, ਕਰੋੜਾਂ ਦਾ ਵਣਜ ਵਿਉਪਾਰ ਸੀ ਜੋ ਨਾ ਕੇਵਲ ਭਾਰਤ ਵਿਚ ਫੈਲਿਆ ਹੋਇਆ ਸੀ ਪ੍ਰੰਤੂ ਵਿਦੇਸ਼ਾਂ ਵਿਚ ਵੀ ਇਹ ਫੈਲਿਆ ਹੋਇਆ ਸੀ। ਫਿਰ ਵੀ ਉਸ ਦੀ ਸਿੱਖ ਧਰਮ ਲਈ ਇੰਨੀ ਸ਼ਰਧਾ ਸੀ ਅਤੇ ਸਿੱਖ ਧਰਮ ਲਈ ਇੰਨਾ ਕੰਮ ਕਰਦੇ ਸਨ ਕਿ ਕਈ ਲਿਖਾਰੀ ਉਨ੍ਹਾਂ ਨੂੰ ਇਕ ਮਸੰਦ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਗੁਜਰਾਤ ਕਾਠੀਆਵਾੜ ਲਈ ਜ਼ਿੰਮੇਵਾਰ ਮੰਨਦੇ ਹਨ। ਉਹ ਭਾਵੇਂ ਮਸੰਦ ਨਹੀਂ ਸੀ ਪ੍ਰੰਤੂ ਇੰਨੇ ਵੱਡੇ ਵਿਉਪਾਰ ਦੇ ਹੁੰਦਿਆਂ ਸਿੱਖ ਧਰਮ ਲਈ ਇੰਨਾ ਸਮਾਂ ਕੱਢਣਾ ਨਾ ਕੇਵਲ ਉਸ ਦਾ ਸਿੱਖੀ ਲਈ ਪਿਆਰ ਪ੍ਰਗਟ ਕਰਦਾ ਹੈ ਬਲਕਿ ਉਸ ਦੀਆਂ ਅਥਾਹ ਪ੍ਰਬੰਧਕ ਸ਼ਕਤੀਆਂ ਦਾ ਗਿਆਨ ਵੀ ਦਿੰਦਾ ਹੈ। ਸਿੱਖੀ ਲਈ ਉਸ ਦੇ ਇੰਨੇ ਪਿਆਰ ਅਤੇ ਸ਼ਰਧਾ ਪਿੱਛੇ ਸਾਨੂੰ ਉਸ ਦੇ ਧਾਰਮਿਕ ਵਿਰਸੇ 'ਤੇ ਝਾਤ ਮਾਰਨੀ ਪਵੇਗੀ। ਲੁਬਾਣਾ ਨਾਇਕਾਂ ਦੇ ਕਈ ਪੀੜ੍ਹੀਆਂ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਵੱਲ ਡੂੰਘਾਈ ਨਾਲ ਖੋਜ ਕਰਨੀ ਪਵੇਗੀ।

**ਪਹਿਲੇ ਸਿੱਖ ਭਾਈ ਭਗੀਰਥ ਅਤੇ ਭਾਈ ਮਨਮੁਖ ਲੁਬਾਣੇ ਸਨ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਪਹਿਲਾ ਸੰਦੇਸ਼ ਇਹ ਦਿੱਤਾ ਸੀ ਕਿ ਕੋਈ ਹਿੰਦੂ ਜਾਂ ਮੁਸਲਮਾਨ ਨਹੀਂ, ਬਲਕਿ ਇਕ ਪਿਤਾ ਪ੍ਰਮਾਤਮਾ ਦੀ ਸੰਤਾਨ ਹੋਣ ਦੇ ਰਿਸ਼ਤੇ ਵਿਚ ਅਸੀਂ ਸਾਰੇ ਭਾਈ-ਭਾਈ ਹਾਂ, ਕੋਈ ਉੱਚਾ-ਨੀਵਾਂ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਸ਼ਰਧਾਵਾਨ ਸਿੱਖ ਬੇਬੇ ਨਾਨਕੀ ਤੋਂ ਬਾਦ ਭਾਈ ਭਗੀਰਥ ਇਕ ਲੁਬਾਣਾ ਸੀ ਜੋ ਮਲਸੀਆ ਦਾ ਚੌਧਰੀ ਸੀ। ਇਸ ਦਾ ਜ਼ਿਕਰ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਨੇ 'ਗੁਰ ਸਾਗਰ ਦੇ ਸੁੱਚੇ ਮੋਤੀ' ਵਿਚ ਪੰਨਾ 187-188 'ਤੇ ਕੀਤਾ ਹੈ ਦੂਸਰਾ ਸ਼ਰਧਾਵਾਨ ਸਿੱਖ ਭਾਈ ਮਨਮੁਖ ਲਾਹੌਰ ਦੇ ਰਹਿਣ ਵਾਲਾ ਲੁਬਾਣਾ ਸੀ ਜੋ ਦੱਖਣ ਅਤੇ ਲੰਕਾ (ਸੰਗਲਾ ਦੀਪ) ਵਿਚ ਸਿੱਖੀ ਦਾ ਪ੍ਰਚਾਰ ਵੀ ਕਰਦਾ ਰਿਹਾ ਸੀ। ਸਿੰਘ ਸਾਹਿਬ ਅਨੁਸਾਰ, 'ਭਾਈ ਮਨਮੁਖ ਨੇ ਗੁਰੂ ਨਾਨਕ ਦਾ ਉਪਦੇਸ਼ ਲੈ ਲਾਹੌਰ ਆ ਕੇ ਸੰਗਲਾ ਦੀਪ ਜਾਣ ਲਈ ਮਾਲ ਪਾਇਆ। ਆਪ ਵੀ ਨਾਲ ਹੀ ਚੱਲ ਪਿਆ। ਕੁਦਰਤ ਦੀ ਖੇਲ ਸਮੁੰਦਰ ਵਿਚ ਜਹਾਜ਼ ਰੁਕ ਗਿਆ। ਸਤਿਗੁਰਾਂ ਦਾ ਧਿਆਨ ਕੀਤਾ, ਅਰਦਾਸ ਕੀਤੀ, ਜਹਾਜ਼ ਬੰਨੇ ਲੱਗ ਗਿਆ। ਸਤਿਗੁਰਾਂ ਦਾ ਧੰਨਵਾਦ ਕੀਤਾ। ਮਨਸੁਖ ਉਥੇ ਪੁੱਜ ਗਿਆ ਜਿਸ ਨਗਰੀ ਦਾ ਰਾਜਾ ਸ਼ਿਵ ਨਾਭ ਸੀ।' ਮਨਸੁਖ ਨੇ ਜਦੋਂ ਰਾਜੇ ਨੂੰ ਸੁੰਦਰ ਉਪਦੇਸ਼ ਦਿੱਤਾ ਤਾਂ ਰਾਜਾ ਗਦ-ਗਦ ਹੋ ਗਿਆ ਤੇ ਕਹਿਣ ਲੱਗਾ ਕਿ ਸ਼ਾਹ ਤੂੰ ਧਨ ਹੈ। 'ਤੇਰਾ ਗੁਰੂ ਕੌਣ ਹੈ? ਜਿਸ ਨੇ ਤੈਨੂੰ ਇਹ ਉਪਦੇਸ਼ ਦੇ ਕੇ ਤੋਰਿਆ ਹੈ?' ਮਨਸੁਖ ਕਹਿਣ ਲੱਗਾ, 'ਮੇਰਾ ਗੁਰੂ ਨਾਨਕ ਹੈ ਜੋ ਗਰੀਬਾਂ ਤੇ ਦਯਾ ਕਰਦਾ ਹੈ, ਪਾਪਾਂ ਦਾ ਨਾਸ਼ ਕਰਨ ਵਾਲਾ ਹੈ।' ਭਾਈ ਮਨਸੁਖ ਨੇ ਦੱਖਣੀ ਭਾਰਤ ਅਤੇ ਲੰਕਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਇੰਨਾ ਪ੍ਰਚਾਰ ਕੀਤਾ ਕਿ ਜਦੋਂ ਗੁਰੂ ਜੀ ਦੱਖਣ ਅਤੇ ਲੰਕਾ (ਸੰਗਲਾ ਦੀਪ) ਗਏ ਉਥੇ ਪਹਿਲਾ ਹੀ ਸੰਗਤ ਕਈ ਥਾਵਾਂ 'ਤੇ ਸਥਾਪਿਤ ਹੋ ਚੁੱਕੀ ਸੀ। ਇਸ ਦਾ ਹਵਾਲਾ ਏ ਗਲਾਬਰੀ ਆਫ਼ ਦਾ ਟ੍ਰਾਇਬਿਜ਼ ਐਂਡ ਕਾਸਟਸ ਆਫ਼ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਦੇ ਪਹਿਲੇ ਭਾਗ ਦੇ ਪੰਨਾ 687 'ਤੇ ਦਿੰਦਿਆਂ ਐਚ.ਏ. ਰੋਜ਼ ਲਿਖਦਾ ਹੈ, 'ਜਿੱਥੇ-ਜਿੱਥੇ ਤੱਕ ਸਿੱਖ ਪ੍ਰਚਾਰਿਕ ਪਹੁੰਚੇ ਸਨ ਇਸ ਗੱਲ ਦਾ ਅਨੁਮਾਨ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਹੁਣੇ-ਹੁਣੇ ਮਿਲੇ ਸਿੱਖ ਗੁਰਦੁਆਰਿਆਂ ਦਾ ਦੱਖਣ ਅਤੇ ਸ੍ਰੀਲੰਕਾ ਵਿਚ ਹੋਂਦ ਤੋਂ ਪਤਾ ਲੱਗਾ ਹੈ ਕਿ ਇਹ ਗੁਰਦੁਆਰੇ 1675 ਤੋਂ ਬਹੁਤ ਪਹਿਲਾਂ ਉਸਾਰੇ ਗਏ ਸਨ।'...

ਉਸ ਸਮੇਂ ਤੰਜੋਰ ਦਾ ਹਾਕਮ ਐਰਾਪਤੀ ਨਾਇਕ ਸੀ। ਇਸ ਬਾਰੇ ਇਹ ਪਤਾ ਲੱਗਦਾ ਹੈ ਕਿ ਇਹ ਅਕਬਰ ਦੇ ਸਮੇਂ ਤਲੀਕੋਟ ਦੀ ਲੜਾਈ ਸਮੇਂ ਨੇੜੇ ਰਾਜ ਕਰਦਾ ਸੀ।

ਇਹ ਹਾਲ ਜਾਫ਼ਨਾ, ਲੰਕਾ ਦੇ ਧੁਰ ਉੱਤਰ ਦੇ ਰਾਜੇ ਸ਼ਿਵ ਨਾਥ ਦੇ ਸਮੇਂ ਦਾ ਹੈ। ਸਿੱਖ ਮੰਦਿਰ ਅਜੇ ਵੀ ਰਾਮੇਸ਼ਵਰ, ਸਾਲੋਰ, ਭੱਕਰ ਅਤੇ ਸ਼ਿਵਕਾਂਜੀ ਮਦਰਾਸ ਵਿਚ ਅਤੇ ਕੋਲੰਬੋ, ਲੰਕਾ ਵਿਚ ਸਥਾਪਿਤ ਕੀਤੇ ਮਿਲਦੇ ਹਨ। ਉਸ ਸਮੇਂ ਦੇ ਸਿੱਖ ਮੰਦਿਰ ਬੁਰਹਾਨਪੁਰ, ਸੂਰਤ, ਮੁੰਬਈ ਮਹਾਂ ਲਕਸ਼ਮੀ, ਅਮਰਾਵਤੀ, ਨਿਰਮਲ, ਜ਼ਿਲ੍ਹਾ ਅਕੀਲਾਬਾਦ ਵਿਚ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੇਵਲ ਸਾਰੇ ਭਾਰਤ ਵਿਚ ਹੀ ਉਦਾਸੀਆਂ ਕਰਕੇ ਲੋਕਾਈ ਨੂੰ ਘਰ-ਘਰ ਜਾ ਕੇ ਨਹੀਂ ਸੀ ਤਾਰਿਆ ਬਲਕਿ ਕਈ ਹੋਰ ਦੇਸ਼ਾਂ ਵਿਚ ਜਾ ਕੇ ਵੀ ਉਨ੍ਹਾਂ ਸੰਗਤਾਂ ਨੂੰ ਇਕ ਪਿਤਾ ਪ੍ਰਮਾਤਮਾ ਨਾਲ ਜੋੜਿਆ। ਰਾਹ ਵਿਚ ਉਹ ਵਣਜਾਰਿਆਂ ਦੇ ਨਾਇਕਾਂ ਦੇ ਕਾਫ਼ਲਿਆਂ ਨਾਲ ਚਲਦੇ ਅਤੇ ਉਨ੍ਹਾਂ ਨੂੰ ਇਕ ਪਿਤਾ ਪ੍ਰਮਾਤਮਾ ਨਾਲ ਜੋੜਦੇ। ਬਹੁਤ ਸਾਰੇ ਵਣਜਾਰੇ ਅਤੇ ਲੁਬਾਣੇ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣ ਗਏ। ਗੁਰੂ ਸਾਹਿਬਾਨ ਦਾ ਵੀ ਇਨ੍ਹਾਂ ਨਾਇਕਾਂ ਅਤੇ ਵਣਜਾਰਿਆਂ ਨਾਲ ਇੰਨਾ ਪ੍ਰੇਮ ਹੋ ਗਿਆ ਕਿ ਲਗਪਗ 65 ਸ਼ਬਦਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਵਣਜਾਰਾ ਅਤੇ 22 ਵਿਚ ਨਾਇਕ ਸ਼ਬਦ ਵਰਤਿਆ ਗਿਆ ਹੈ। ਪਹਿਲੀ ਵਾਰ ਵਣਜਾਰਾ ਸ਼ਬਦ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 22 ਅਤੇ ਆਖ਼ਰੀ ਵਾਰ ਪੰਨਾ 1426 'ਤੇ ਹੋਈ ਹੈ। ਪੰਨਾ 74 ਅਤੇ 75 'ਤੇ ਗੁਰੂ ਨਾਨਕ ਦੇਵ ਜੀ ਦੇ ਵਣਜਾਰਾ ਬਾਣੀ ਸਬੰਧੀ 2 ਸ਼ਬਦ ਹਨ ਅਤੇ ਪੰਨਾ 76 ਅਤੇ 81 'ਤੇ ਗੁਰੂ ਰਾਮਦਾਸ ਜੀ ਦੇ ਦੋ ਸ਼ਬਦ ਹਨ। ਪੰਨਾ 77 'ਤੇ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਹੈ। ਇਨ੍ਹਾਂ ਵਿਚੋਂ ਇਕ ਸ਼ਬਦ ਵਿਚ 6 ਰਹਾਓ ਵਾਲੇ ਬੰਦ ਹਨ ਜਿੰਨਾ ਸ਼ਾਇਦ ਹੀ ਕਿਸੇ ਹੋਰ ਸ਼ਬਦ ਵਿਚ ਹੋਣ। ਇਸ ਨਾਲ ਲੁਬਾਣਾ ਅਤੇ ਵਣਜਾਰਾ ਸਮੁਦਾਏ ਦੀ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਗੁਰੂ ਸਾਹਿਬਾਨ ਦਾ ਵੀ ਉਨ੍ਹਾਂ ਨਾਲ ਪਿਆਰ ਸਪੱਸ਼ਟ ਦਿਸਦਾ ਹੈ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

**ਟੀਚਿੰਗ ਸਟਾਫ** : ਸਟਾਫ ਦੀ ਸਿਲੈਕਸ਼ਨ ਲਈ ਇਕ ਕਮੇਟੀ ਬਣਾਈ ਗਈ ਜਿਸ ਵਿੱਚ ਮੇਰਾ ਨਾਂ ਵੀ ਸ਼ਾਮਿਲ ਸੀ। ਇੰਟਰਵਿਊ ਲੈਣ ਲਈ ਮੈਨੂੰ ਚੰਡੀਗੜ੍ਹ ਤੋਂ ਆਉਣਾ ਪਿਆ। ਕਮੇਟੀ ਦੀ ਸੋਚ ਸੀ ਕਿ ਸਟਾਫ ਵਿੱਚ ਇਲਾਕੇ ਦੇ ਯੋਗ ਬੰਦੇ ਨਿਯੁਕਤ ਕੀਤੇ ਜਾਣ। ਇਸ ਪੱਖੋਂ ਕਮੇਟੀ ਨੂੰ ਬੜੀ ਮਾਯੂਸੀ ਹੋਈ ਕਿਉਂ ਜੋ ਇਲਾਕੇ ਵਿੱਚੋਂ ਇਕ ਮੈਂਬਰ ਪਿੰਡ ਖਲੀਲ ਤੋਂ ਸ. ਖਜ਼ਾਨ ਸਿੰਘ ਨੂੰ ਅਰਥਸ਼ਾਸਤਰ ਵਿਭਾਗ ਲਈ ਨਿਯੁਕਤ ਕਰ ਸਕੇ। ਉਹ ਪਹਿਲਾਂ ਬੰਗਾ ਵਿਖੇ ਲੈਕਚਰਾਰ ਸਨ। ਇਲਾਕਾ ਨਿਵਾਸੀ ਹੋਣ ਕਰਕੇ ਉਹ ਹਮੇਸ਼ਾਂ ਕਾਲਜ ਦੇ ਹੌਲੇ ਭਾਰੇ ਕਾਰਜਾਂ ਲਈ ਆਪਣਾ ਯੋਗਦਾਨ ਪਾਉਂਦੇ ਰਹੇ। ਉਹ ਕਾਲਜ ਤੋਂ ਪ੍ਰਿੰਸੀਪਲ ਦੀ ਸੇਵਾ ਨਿਭਾਉਂਦੇ ਸੇਵਾ ਮੁਕਤ ਹੋਏ। ਇੰਗਲਿਸ਼ ਵਿਭਾਗ ਲਈ ਸ. ਅਜੀਤ ਸਿੰਘ ਨਿਯੁਕਤ ਹੋਏ ਜੋ ਹਰਿਆਣਾ ਤੋਂ ਆਏ ਸਨ। ਉਹ ਕਾਲਜ ਦੇ ਲੰਮੇ ਸਮੇਂ ਲਈ ਪ੍ਰਿੰਸੀਪਲ ਰਹੇ ਜੋ ਸ਼ਾਇਦ ਯੂਨੀਵਰਸਿਟੀ ਦਾ ਰਿਕਾਰਡ ਸਮਾਂ ਸੀ। ਇੰਟਰਵਿਊ ਸਮੇਂ ਮੈਨੂੰ ਬੜੀ ਹੈਰਾਨੀ ਹੋਈ ਜਦੋਂ ਬਾਹਰ ਇਕ ਉਮੀਦਵਾਰ ਦੇ ਨਾਲ ਮੈਂ ਆਪਣੇ ਇਕ ਪੁਰਾਣੇ ਸਿੱਖ ਨੈਸ਼ਨਲ ਕਾਲਜ ਲਾਹੌਰ ਦੇ ਪ੍ਰੋਫੈਸਰ ਸਾਹਿਬ ਨੂੰ ਬੈਠੇ ਵੇਖਿਆ। ਬਾਹਰ ਜਾ ਕੇ ਮੈਂ ਉਨ੍ਹਾਂ ਦੇ ਚਰਨ ਛੋਹੇ ਅਤੇ ਹਾਲ ਚਾਲ ਪੁੱਛਿਆ। ਉਨ੍ਹਾਂ ਦੇ ਬੇਟੇ ਨੂੰ ਸਿਲੈਕਟ ਕਰਕੇ ਸਾਨੂੰ ਬੜੀ ਖੁਸ਼ੀ ਹੋਈ ਕਿਉਂ ਜੋ ਉਹ ਪੰਜਾਬੀ ਵਿਭਾਗ ਦੇ ਨਾਲ ਫਿਜ਼ੀਕਲ ਐਜੂਕੇਸ਼ਨ ਲਈ ਵੀ ਯੋਗਤਾ ਰੱਖਦੇ ਸਨ। ਕਾਲਜ ਵਿੱਚ ਸਾਂਝੀ ਸਿੱਖਿਆ ਪ੍ਰਣਾਲੀ ਹੋਣ ਕਰਕੇ ਕੁੜੀਆਂ ਦੀ ਦੇਖਭਾਲ ਲਈ ਇਕ ਲੇਡੀ ਲੈਕਚਰਾਰ ਸਵਰਨ ਕੌਰ ਗਣਿਤ ਵਿਭਾਗ ਲਈ ਨਿਯੁਕਤ ਹੋਏ। ਇਕ ਨਿਯੁਕਤੀ ਪੁਲਿਟੀਕਲ ਸਾਇੰਸ ਵਿਭਗਾ ਲਈ ਕੀਤੀ ਗਈ। ਕੁਲ ਪੰਜ ਲੈਕਚਰਾਰ ਨਿਯੁਕਤ ਕੀਤੇ ਗਏ। ਕਾਲਜ ਪ੍ਰਿੰਸੀਪਲ ਦੀ ਪੋਸਟ ਲਈ ਕਮੇਟੀ ਮੈਂਬਰਾਂ ਨਾਲ ਜਲੰਧਰ ਜਾ ਕੇ ਆਪਣੇ ਗੁਰੂ ਪ੍ਰਿੰਸੀਪਲ ਜਗਜੀਤ ਸਿੰਘ ਰਾਂਝਾ ਜੀ ਨੂੰ ਬੇਨਤੀ ਕਰਕੇ ਲਿਆਏ। ਉਹ ਪਹਿਲਾਂ ਵੀ ਤਿੰਨ ਚਾਰ ਕਾਲਜਾਂ ਦੇ ਪ੍ਰਿੰਸੀਪਲ ਰਹਿ ਚੁੱਕੇ ਸਨ। ਬੜੇ ਉੱਘੇ ਸਿੱਖਿਆ ਸ਼ਾਸਤਰੀ ਸਨ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਲੰਮੇ ਸਮੇਂ ਤੋਂ ਸੈਨਟ ਦੇ ਮੈਂਬਰ ਸਨ। ਸਿੰਡੀਕੇਟ ਦੇ ਮੈਂਬਰ ਵੀ ਰਹੇ। ਰਾਸ਼ਟਰੀ ਸੋਚ ਦੇ ਧਾਰਨੀ ਸਨ। ਸਫੈਦ ਖੱਦਰਪੋਸ਼ ਸਨ। ਦਸਤਾਰ ਵੀ ਖੱਦਰ ਦੀ ਸਜਾਂਦੇ ਸਨ। ਬਾਅਦ ਵਿੱਚ ਪ੍ਰੋ. ਤਰਲੋਕ ਸਿੰਘ ਨੇ ਪੰਜਾਬੀ ਵਿਭਾਗ ਵਿੱਚ ਜੌਆਇਨ ਕੀਤਾ। ਉਨ੍ਹਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐਮ.ਏ. ਵਿਚ ਫਸਟ ਡਵੀਜ਼ਨ ਪ੍ਰਾਪਤ ਕੀਤੀ ਹੋਈ ਸੀ। ਪਿੰਡ ਨੰਗਲ ਲੁਬਾਣਾ ਦੇ ਵਸਨੀਕ ਸਨ। ਸਰਵਿਸ ਦੌਰਾਨ ਉਨ੍ਹਾਂ ਪੀ.ਐਚ.ਡੀ. ਵੀ ਕਰ ਲਈ ਅਤੇ ਪ੍ਰਿੰਸੀਪਲ ਬਣ ਕੇ ਕਾਲਜ ਤੋਂ ਰਿਟਾਇਰ ਹੋਏ।

**ਪਰਿਵਾਰ ਨਡਾਲੇ ਪਹੁੰਚ ਗਿਆ** : ਕਾਲਜ ਹਾਊਸ ਮੇਰੇ ਨਡਾਲਾ ਆਉਣ ਤੇ ਹੀ ਖੋਲ੍ਹ ਦਿੱਤਾ ਗਿਆ ਸੀ। ਹੁਣ ਇਸ ਦੀ ਮੁਰੰਮਤ ਆਦਿ ਕਰਵਾ ਕੇ ਰੰਗ-ਰੋਗਨ ਵੀ ਹੋ ਗਿਆ ਸੀ। ਥੋੜ੍ਹੇ ਦਿਨਾਂ ਬਾਅਦ ਪਰਿਵਾਰ ਚੰਡੀਗੜ੍ਹ ਨੂੰ ਖੈਰਬਾਦ ਕਹਿ ਕੇ ਨਡਾਲਾ ਕਾਲਜ ਵਿਖੇ ਪਹੁੰਚ ਗਿਆ। ਸੱਤ ਅੱਠ ਸਾਲ ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਰਹਿਣ ਤੋਂ ਬਾਅਦ ਪੰਜਾਬ ਦੀ ਸੁੰਦਰ ਰਾਜਧਾਨੀ ਨੂੰ ਛੱਡ ਕੇ ਨਡਾਲਾ ਵਰਗੇ ਪਿੰਡ ਵਿੱਚ ਆ ਕੇ ਰਹਿਣਾ ਸਾਰਿਆਂ ਨੂੰ ਅਜੀਬ ਲੱਗਿਆ ਹੋਵੇਗਾ। ਸਵੇਰੇ ਉਠ ਕੇ ਕਾਲਜ ਦੀਆਂ ਕੱਚੀਆਂ ਸੜਕਾਂ ਤੇ ਰਾਤੀਂ ਫਿਰਦੇ ਸੱਪਾਂ ਦੀਆਂ ਲਕੀਰਾਂ ਵੇਖ ਕੇ ਸਾਰੇ ਡਰਦੇ ਹੋਣਗੇ। ਬੱਚੇ ਆਪਣੇ ਵਧੀਆ ਸਕੂਲਾਂ ਨੂੰ ਵੀ ਮਿਸ ਕਰ ਰਹੇ ਹੋਣਗੇ। ਪਰ ਪਾਪਾ ਦੇ ਫੈਸਲੇ ਨੂੰ ਮੁੱਖ ਰੱਖਦੇ ਹੋਏ ਸਾਰਿਆਂ ਨੇ ਹੌਲੀ ਹੌਲੀ ਆਪਣੇ ਆਪ ਨੂੰ ਨਵੇਂ ਹਾਲਾਤ ਅਨੁਸਾਰ ਢਾਲ ਲਿਆ। ਪਿੰਡ ਦੀ ਜ਼ਿੰਦਗੀ ਦਾ ਆਪਣਾ ਨਵੇਕਲਾ ਅੰਦਾਜ਼ ਹੁੰਦਾ ਹੈ। ਇਥੇ ਬੱਚਿਆਂ ਨੂੰ ਨਹਾਉਣ ਲਈ ਟਿਊਬਵੈੱਲ ਦਾ ਖੁੱਲ੍ਹਾ ਹੌਜ਼, ਘਰ ਤੋਂ ਆਈ ਮੱਝ ਰੋਮੀ ਦਾ ਤਾਜ਼ਾ ਵਧੀਆ ਦੁੱਧ ਪੀਣ ਨੂੰ, ਘਰ ਵਿੱਚ ਬਣੇ ਮੁਰਗੀ ਖਾਨੇ ਦੇ ਅੰਡੇ ਅਤੇ ਬਰਾਇਲਰ ਖਾਣ ਨੂੰ ਮਿਲ ਜਾਂਦੇ ਸਨ। ਮੈਨੂੰ ਮਸਰੂਫ ਰਹਿਣ ਲਈ ਕਈ ਪ੍ਰਕਾਰ ਦੀਆਂ ਵਾਧੂ ਗਤੀਵਿਧੀਆਂ ਵਿਚਦੀ ਗੁਜ਼ਰਨਾ ਪੈਂਦਾ ਸੀ। ਬਰਿੰਦਰ ਨੂੰ ਡਿਗਰੀ ਦੀ ਪੜ੍ਹਾਈ ਪੂਰੀ ਕਰਨ ਲਈ ਘਰ ਦਾ ਕਾਲਜ, ਜਸਵਿੰਦਰ ਨੂੰ ਲੋਕਲ ਗੌਰਮਿੰਟ ਹਾਈ ਸਕੂਲ, ਅਤੇ ਸੁਰਿੰਦਰ ਨੂੰ ਹੰਸ ਰਾਜ ਮਹਿਲਾ ਕਾਲਜ ਜਲੰਧਰ ਵਿਖੇ ਦਾਖਲਾ ਮਿਲ ਗਿਆ। ਛੋਟੀ ਰਵਿੰਦਰ ਬੱਸ ਤੇ ਕਪੂਰਥਲੇ ਜਾਂਦੀ ਅਤੇ ਵਾਪਸੀ ਤੇ ਕਈ ਵਾਰ ਬੱਸ ਵਿੱਚ ਸੁੱਤੀ ਪਈ ਭੁਲੱਥ ਪਹੁੰਚ ਜਾਂਦੀ ਅਤੇ ਬਸ ਵਾਲੇ ਵਾਪਸੀ ਤੇ ਕਾਲਜ ਸਾਹਮਣੇ ਉਤਾਰ ਜਾਂਦੇ।

**ਕਾਲਜ ਵਿਕਾਸ ਦੀ ਰਾਹ ਤੇ** : ਕਾਲਜ ਦੇ ਦੂਜੇ ਸਾਲ ਦੇ ਸੈਸ਼ਨ ਦੇ ਸ਼ੁਰੂ ਹੋਣ ਮਗਰੋਂ, ਅਕਤੂਬਰ, 1971 ਵਿੱਚ ਕਾਲਜ ਪ੍ਰਿੰਸੀਪਲ ਦੀ ਸੇਵਾ ਦਾਸ ਨੂੰ ਸੌਂਪੀ ਗਈ। ਇਸ ਸਾਲ ਪਹਿਲੀ ਵਾਰ ਚਾਰੇ ਕਲਾਸਾਂ ਵਿੱਚ ਵਿਦਿਆਰਥੀਆਂ ਦਾ ਦਾਖਲਾ ਹੋ ਗਿਆ ਸੀ। ਲੋੜੀਂਦਾ ਟੀਚਿੰਗ ਸਟਾਫ ਵੀ ਨਿਯੁਕਤ ਕਰ ਲਿਆ ਗਿਆ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਿਲੇਬਸ ਅਨੁਸਾਰ ਉਚੇਰੇ ਮਿਆਰ ਦੀ ਟੀਚਿੰਗ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਰਬ ਪੱਖੀ ਵਿਕਾਸ ਲਈ ਉਨ੍ਹਾਂ ਦੀ ਕਾਲਜ ਪੱਧਰ ਦੀਆਂ ਬਹੁ-ਪੱਖੀ ਗਤੀਵਿਧੀਆਂ ਵਿੱਚ ਸ਼ਮੂਲੀਅਤ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਸੀ। ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਵਿੱਚ ਸੇਵਾ ਅਤੇ ਸਮਰਪਣ ਵਰਗੀਆਂ ਕਦਰਾਂ ਕੀਮਤਾਂ ਤੇ ਬਣਦਾ ਜ਼ੋਰ ਪਾਉਣਾ ਅਵੱਸ਼ ਸੀ। ਇਲਾਕਾ ਨਿਵਾਸੀਆਂ ਨੇ ਕਿਸੇ ਵਿਸ਼ਵਾਸ ਅਧੀਨ ਆਪਣੇ ਬੱਚਿਆਂ ਦੇ ਵਿਦਿਅਕ ਕੈਰੀਅਰ ਦੀ ਉਸਾਰੀ ਹਿੱਤ ਇਸ ਨਵੇਂ ਖੁਲ੍ਹੇ ਕਾਲਜ ਨੂੰ ਸੌਂਪੇ ਸਨ। ਆਪਣੀ ਵਧੀਆ ਕਾਰਜ ਸ਼ੈਲੀ ਦੁਆਰਾ ਇਸ ਵਿਸ਼ਵਾਸ ਨੂੰ ਪਰਪੱਕ ਕਰਨ ਤੇ, ਇਸ ਸੰਸਥਾ ਦੀ ਭਵਿੱਖ ਲਈ ਸਾਖ ਬਹੁਤ ਹੱਦ ਤੱਕ ਨਿਰਭਰ ਕਰਦੀ ਸੀ। ਕਿਸੇ ਭਰੋਸੇਯੋਗ ਮਾਇਕ ਸਹਾਇਤਾ ਦੇ ਸਾਧਨਾਂ ਦੀ ਅਨਹੋਂਦ ਕਰਕੇ ਕਾਲਜ ਖਰਚੇ ਬੜੇ ਸੰਜਮ ਨਾਲ ਕਰਨੇ ਹੁੰਦੇ ਸਨ। ਇਥੇ ਅਜੇ ਲੋੜੀਂਦੀ

ਬਿਲਡਿੰਗ ਦੀ ਵੀ ਘਾਟ ਸੀ। ਟੀਚਿੰਗ ਸਟਾਫ ਵੀ ਬਹੁਤਾ ਤਜਰਬੇਕਾਰ ਨਹੀਂ ਸੀ। ਕੁਝ ਇਸ ਤਰ੍ਹਾਂ ਦੀ ਸੋਚ ਲੈ ਕੇ ਅਤੇ ਅਜਿਹੇ ਹਾਲਾਤਾਂ ਵਿੱਚ ਇਹ ਸੇਵਾ ਆਰੰਭ ਕੀਤੀ।

ਦਾਸ ਨੇ ਡੈਪੂਟੇਸ਼ ਦੇ ਇਨ੍ਹਾਂ ਤਿੰਨਾਂ ਸਾਲਾਂ ਵਿੱਚ ਕਾਲਜ ਨੂੰ ਸਮਰਪਿਤ ਭਾਵਨਾਂ ਨਾਲ ਸੇਵਾ ਨਿਭਾਈ। ਰਿਹਾਇਸ਼ ਕਾਲਜ ਕੰਪਲੈਕਸ ਵਿੱਚ ਹੋਣ ਕਰਕੇ ਮੇਰੇ ਲਈ ਦਿਨ ਰਾਤ ਇਕ ਸਮਾਨ ਸਨ। ਸਵੇਰ ਦੀ ਸੈਰ ਵੀ ਕਾਲਜ ਗਰਾਊਂਡ ਵਿੱਚ ਕੀਤੀ ਜਾਂਦੀ ਅਤੇ ਰਾਤ ਨੂੰ ਬੱਤੀਆਂ ਚੈੱਕ ਕਰਨ ਲਈ ਵੀ ਕੰਪਲੈਕਸ ਦਾ ਚੱਕਰ ਲੱਗ ਜਾਂਦਾ। ਸਵੇਰੇ ਕਾਲਜ ਦੀ ਘੰਟੀ ਵੱਜਣ ਨਾਲ ਹੀ ਦਫਤਰ ਪਹੁੰਚ ਜਾਂਦਾ। ਇਕ ਦੋ ਪੀਰੀਅਡਾਂ ਲਈ ਸੀਨੀਅਰ ਕਲਾਸਾਂ ਨੂੰ ਗਣਿਤ ਵੀ ਪੜ੍ਹਾਉਂਦਾ। ਵਰਕਿੰਗ ਦਿਨਾਂ ਵਿੱਚ ਥੋੜ੍ਹੀ ਕੀਤੇ ਕਾਲਜ ਛੱਡ ਕੇ ਬਾਹਰ ਜਾਣ ਤੋਂ ਗੁਰੇਜ਼ ਕਰਦਾ ਸਾਂ। ਵਿਦਿਆਰਥੀਆਂ ਦੀਆਂ ਛੋਟੀਆਂ ਮੋਟੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਨੂੰ ਬਿਨਾਂ ਦੇਰੀ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ।

ਕਾਲਜ ਸਟਾਫ ਨੇ ਵੀ ਹਮੇਸ਼ਾਂ ਪੂਰਨ ਸਹਿਯੋਗ ਦਿੱਤਾ। ਸਾਰੇ ਵਿਭਾਗਾਂ ਦੀ ਟੀਚਿੰਗ ਪ੍ਰਤੀ ਰਿਪੋਰਟ ਹਮੇਸ਼ਾਂ ਤਸੱਲੀਬਖਸ਼ ਰਹੀ। ਕਾਲਜ ਮੈਨੇਜਿੰਗ ਕਮੇਟੀ ਅਧਿਕਾਰੀਆਂ ਵੱਲੋਂ ਵੀ ਕੋਈ ਦਖਲ ਅੰਦਾਜ਼ੀ ਨਹੀਂ ਸੀ ਕੀਤੀ ਜਾਂਦੀ।

ਸਾਰਿਆਂ ਵੱਲੋਂ ਤਿੰਨ੍ਹਾਂ ਸਾਲਾਂ ਵਿੱਚ ਇਸ ਪ੍ਰਕਾਰ ਨਿਭਾਈ ਗਈ ਭੂਮਿਕਾ ਦੇ ਬੜੇ ਚੰਗੇ ਸਿੱਟੇ ਨਿਕਲ ਜੋ ਜਗ ਜ਼ਾਹਿਰ ਹੋਏ। ਸਾਰਿਆਂ ਬਾਰੇ ਏਥੇ ਦੱਸਣਾ ਸੰਭਵ ਨਹੀਂ। ਇਸ ਦੌਰਾਨ ਦੀਆਂ ਕੁਝ ਗਤੀਵਿਧੀਆਂ ਕਾਲਜ ਲਈ ਮਾਣ ਵਾਲੀ ਗਲ ਸੀ।

# ਬੁਢੇਪੇ 'ਚ ਬਚਪਨਾ

**ਸਤਨਾਮ ਸਿੰਘ**

ਬਾਪੂ ਬੁੱਢਾ ਹੋ ਰਿਹਾ ਸੀ। ਜਵਾਨੀ ਵਾਲੀ ਭਲ਼ ਢਲ਼ ਰਹੀ ਸੀ। ਬਾਪੂ ਸਮਝਣ ਲੱਗ ਪਿਆ ਸੀ ਬੱਚੇ ਵਿਆਹ ਲਏ ਹਨ ਤੇ ਉਹ ਹੁਣ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਹੋ ਗਿਆ ਹੈ। ਚਿੱਟੇ ਧੋਤੇ ਕੱਪੜੇ ਪਾ ਕੇ ਦੁਪਹਿਰ ਨੂੰ ਘੜੀ ਸੱਥ 'ਚ ਗੱਪਾਂ ਮਾਰਿਆ ਕਰਾਂਗੇ। ਹੁਣ ਉਸ ਨੂੰ ਪੋਤਰੇ ਪੋਤਰੀਆਂ ਦਾ ਮੋਹ ਜਾਗ ਪਿਆ ਸੀ। ਉਹ ਸੋਚਦਾ ਰੱਬ ਨੇ ਬੜਾ ਸੁਹਣਾ ਪਰਿਵਾਰ ਬਣਾ ਦਿੱਤਾ ਆ। ਮੇਰਾ ਮਿਸਾ ਪਰਿਵਾਰ ਆ। ਉਹ ਸਮਝਣ ਲੱਗ ਗਿਆ, ਪ੍ਰਮਾਤਮਾ ਨੇ ਉਹਦੀਆਂ ਸਾਰੀਆਂ ਇਛਾਵਾਂ ਨੂੰ ਬੂਰ ਪਾ ਦਿੱਤਾ ਆ।

ਅੱਖਾਂ ਅੱਗੇ ਪੋਤਰੇ ਪੋਤਰੀਆਂ ਜੁਆਨ ਹੁੰਦੇ ਵੇਖ ਕੇ ਬਾਪੂ ਰੱਬ ਦੀ ਮਿਹਰ ਸਮਝ ਕੇ ਫੁੱਲਿਆ ਨਹੀਂ ਸੀ ਸਮਾਉਂਦਾ। ਜੁਆਨ ਪੋਤਰੇ ਪੋਤਰੀਆਂ ਦੇਖ ਵਿਆਹ ਲਈ ਚੰਗੇ ਰਿਸ਼ਤਿਆਂ ਲਈ ਸੋਚਣ ਲੱਗ ਪਿਆ।

ਅਸਲ ਹੁਣ ਪੁੱਤਰਾਂ ਨੂੰਹਾਂ ਦੇ ਰਾਜ ਦਾ ਸਮਾਂ ਚੱਲ ਰਿਹਾ ਸੀ। ਉਹ ਆਪਣੀਆਂ ਲੋੜਾਂ ਅਤੇ ਮਜਬੂਰੀਆਂ ਅਨੁਸਾਰ ਘਰ-ਬਾਰ ਚਲਾ ਰਹੇ ਸਨ। ਦਿਨੋ ਦਿਨ ਬਾਪੂ ਵੱਲੋਂ ਤਵਜੋਂ ਘੱਟ ਰਹੀ ਸੀ। ਉਹ ਬਾਪੂ ਦੀਆਂ ਕਈ ਗੱਲਾਂ ਦੀ ਅਣਸੁਣੀ ਵੀ ਕਰ ਦਿੰਦੇ। ਕਈ ਵਾਰ ਬਾਪੂ ਦੀਆਂ ਲੋੜਾਂ ਤੇ ਖਾਹਸ਼ਾਂ ਨੂੰ ਵੀ ਦਰਕਿਨਾਰ ਕਰਨ ਲੱਗ ਪਏ। ਕਿਉਂਕਿ ਪੁੱਤਰਾਂ ਨੂੰ ਆਪਣੀਆਂ ਘਰੇਲੂ ਸਮੱਸਿਆਵਾਂ, ਆਰਥਿਕ ਮਜਬੂਰੀਆਂ, ਸਮਾਜਿਕ ਬੰਧਨ ਤੇ ਰਿਸ਼ਤੇਦਾਰੀਆਂ ਨੱਕ ਦੀ ਸੇਧ ਤੋਰਨ ਲੱਗ ਪਏ ਸਨ।

ਹੁਣ ਬਾਪੂ ਨੂੰ ਇਸ ਤਰ੍ਹਾਂ ਉਹਦੀਆਂ ਦਰਕਿਨਾਰੀਆਂ, ਸੁਣੇ ਅਣਸੁਣੀਆਂ ਗੱਲਾਂ ਮੰਜੇ ਤੇ ਬੈਠੇ ਨੂੰ ਰੜਕਣ ਲੱਗ ਪਏ ਸਨ। ਬਾਪੂ ਹੁਣ ਪੁੱਤਾਂ ਅਤੇ ਨੂੰਹਾਂ ਨਾਲ ਇਸ ਵਤੀਰੇ ਕਾਰਨ ਰੁੱਸਣ ਲੱਗ ਪਿਆ ਸੀ। ਸਾਰੇ ਪਰਿਵਾਰ ਦੇ ਜੀਅ ਵੀ ਅਕਸਰ ਕਹਿ ਦਿੰਦੇ ਸਨ ਹੁਣ ਬਾਪੂ ਤਾਂ ਨਿਆਣਿਆਂ ਵਾਂਗ ਰੁੱਸਣ ਲੱਗ ਪਿਆ ਆ।

ਅਸਲ ਹਰ ਬਸ਼ਰ ਬਚਪਨ 'ਚੋਂ ਲੰਘ ਕੇ ਬੁਢੇਪੇ ਤੱਕ ਦਾ ਸਫ਼ਰ ਤੈਅ ਕਰਦਾ ਹੈ। ਉਸ ਨੇ ਬਚਪਨ 'ਚ ਹਰ ਬੱਚੇ ਵਾਂਗ ਚੀਜ਼ ਪ੍ਰਾਪਤ ਕਰਨ ਲਈ ਨਾ ਮਿਲਣ ਤੇ ਰੁੱਸਣਾ ਸਿਖਿਆ ਹੁੰਦਾ ਹੈ। ਬਚਪਨ 'ਚ ਅੜ ਕੇ ਚੀਜ਼ ਪ੍ਰਾਪਤ ਕਰਦੇ ਮੰਗ ਪੂਰੀ ਕਰਦੇ ਸਨ। ਉਹ ਜ਼ਿੱਦ ਕਿਸੇ ਹੱਦ ਤੱਕ ਸਵਾਲ ਬਣ ਜਾਂਦੀ ਹੈ। ਜਿਹਨ 'ਚ ਸਮਾਈ ਹੁੰਦੀ ਦਰਕਿਨਾਰੀ 'ਚ ਹੁਣ ਬਾਪੂ ਕੋਲ ਵੀ ਇਹੀ ਰਾਸਤਾ ਬਚਦਾ ਹੈ। ਉਹ ਆਪਣੀ ਗੱਲ ਲਈ ਅੜੀ ਕਰਦਾ ਹੈ। ਇਸੇ ਗੱਲ ਲਈ ਇਹ ਕਿਹਾ ਜਾਂਦਾ ਹੈ ਕਿ ਬਾਪੂ ਨਿਆਣਿਆਂ ਵਾਂਗ ਕਰਨ ਲੱਗ ਪਿਆ ਹੈ। ਅਸਲ ਉਸ ਦੀ ਅਣਦੇਖੀ 'ਚੋਂ ਇਹ ਰਾਸਤਾ ਨਿਕਲਦਾ ਹੈ। ਦੋਹਾਂ ਧਿਰਾਂ ਦੀਆਂ ਮਜ਼ਬੂਰੀਆਂ 'ਚੋਂ ਉਪਜੀ ਸਮੱਸਿਆ ਹੈ।

ਨਿੱਤ ਬਦਲਦੇ ਸਮਾਜ 'ਚ ਖਾਹਸ਼ਾਂ ਦਾ ਵਤੀਰਾ ਹੈ।

# ਕਿਰਤ ਕਰੋ, ਨਾਮ ਜਪੋ, ਵੰਡ ਛਕੋ।

# ਜਨਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



**ਸ. ਗੁਰਚਰਨ ਸਿੰਘ,**
**ਸੀਨੀਅਰ ਵਾਇਸ ਪ੍ਰਧਾਨ**

**ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,**

**।। ਵਾਹਿਗੁਰੂ ਜੀ ਕਾ ਖਾਲਸਾ ।।**

**।। ਵਾਹਿਗੁਰੂ ਜੀ ਕੀ ਫਤਹਿ ।।**

**ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਜਨਵਰੀ ਮਹੀਨੇ ਦੌਰਾਨ ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਜੋ ਕਿ ਵਿੱਤ ਸਕੱਤਰ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਵੱਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਅਨੁਸਾਰ ਹੈ।

ਜਨਵਰੀ ਮਹੀਨੇ ਵਿੱਚ ਕੁੱਲ ਆਮਦਨ 5,96,344 ਰੁਪਏ 00 ਪੈਸੇ

ਜਨਵਰੀ ਮਹੀਨੇ ਵਿੱਚ ਕੁੱਲ ਖਰਚ 5,77,300 ਰੁਪਏ 70 ਪੈਸੇ

**ਲੇਖਾ ਸਿਸਟਮ ਨੂੰ ਨਵੀਨੀਕਰਨ ਲਈ** - 'ਟੈਲੀ ਪ੍ਰਾਈਮ ਪ੍ਰੋ' ਖਰੀਦ ਕੇ ਅਪਡੇਟ ਕਰ ਲਿਆ ਗਿਆ ਹੈ ਅਤੇ ਇਸ ਸਿਸਟਮ ਤਹਿਤ ਅਕਾਊਂਟ ਦਾ ਵੇਰਵਾ ਅਤੇ ਰਿਕਾਰਡ ਵਿੱਤੀ ਸਾਲ 2022-2023 ਬਣਾਇਆ ਜਾਵੇਗਾ।

1. **ਐਜੂਕੇਸ਼ਨ ਪਾਲਿਸੀ ਬਾਰੇ** - ਪਿਛਲੇ ਮਹੀਨੇ 20.12.22 ਨੂੰ ਹੋਈ ਮੀਟਿੰਗ ਵਿਚ ਜੋ ਫੈਸਲੇ ਲਏ ਗਏ ਉਹ ਲੁਬਾਣਾ ਸੇਵਕ ਅੰਕ ਜਨਵਰੀ 2023 ਵਿਚ ਛਾਪੇ ਗਏ ਹਨ। ਉਸ ਦੇ ਅਮਲੀ ਰੂਪ ਦੀ ਕਾਰਵਾਈ ਅਜੇ ਅਮਲ ਵਿਚ ਆਉਣ ਲਈ ਹੈਡਕੁਆਟਰ ਵਿਚ ਉਡੀਕ ਕੀਤੀ ਜਾ ਰਹੀ ਹੈ ਕਿ ਵਿਸਥਾਰਤ ਕਮੇਟੀਆਂ ਵਲੋਂ ਕੀ ਕਾਰਵਾਈ ਕੀਤੀ ਗਈ ਹੈ।

2. **ਵਜ਼ੀਫੇ ਦੀ ਵੰਡ ਸੰਬੰਧੀ** - ਸ. ਨਰਿੰਦਰ ਸਿੰਘ, ਕਨਵੀਨਰ ਵਜ਼ੀਫਾ ਵੰਡ ਕਮੇਟੀ ਵਲੋਂ ਪਹਿਲੇ ਪੜਾਅ ਵਿੱਚ 16 ਵਿਦਿਆਰਥੀਆਂ ਦੇ ਵਜ਼ੀਫੇ ਦੇਣ ਦੀ ਸਿਫਾਰਿਸ਼ ਕੀਤੀ ਗਈ ਸੀ। ਜਿਨ੍ਹਾਂ ਨੂੰ ਵਜ਼ੀਫਿਆ ਦੀ ਅਦਾਇਗੀ ਚੈਕ ਰਾਹੀ/ਅਨਲਾਈਨ ਖਾਤਿਆਂ ਵਿਚ ਪੂਰੇ ਸਾਲ 2022-23 ਲਈ ਜਾਰੀ ਕੀਤੀ ਜਾ ਚੁੱਕੀ ਹੈ। ਦੋ ਹੋਰ ਵਿਦਿਆਰਥੀਆਂ ਦੇ ਬਿਨੈ-ਪੱਤਰ ਵਜ਼ੀਫੇ ਲਈ ਪ੍ਰਾਪਤ ਹੋਏ ਸਨ। ਜਿਨ੍ਹਾਂ ਨੂੰ ਕਨਵੀਨਰ ਸਾਹਿਬ ਵਲੋਂ ਅਦਾਇਗੀ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ। ਉਹ ਵੀ ਦੇ ਦਿੱਤੇ ਗਏ ਹਨ। ਇਸ ਤਰ੍ਹਾਂ ਕੁੱਲ ਵਜ਼ੀਫ਼ੀਆ ਦੀ ਰਕਮ 1,32000/- (ਇੱਕ ਲੱਖ ਬੱਤੀ ਹਜ਼ਾਰ ਰੁਪਏ/-) ਅਦਾ ਕੀਤੇ ਗਏ ਹਨ।

ਇੱਥੇ ਇਹ ਵੀ ਵਰਣਨ ਕੀਤਾ ਜਾਂਦਾ ਹੈ ਇਸ ਰਾਸ਼ੀ ਵਿਚ ਕੁਝ ਵਿਦਿਆਰਥੀਆਂ ਨੂੰ ਰਕਮ ਦਾਨ ਪਾਤਰੀਆਂ ਦੀ ਇੱਛਾ ਅਨੁਸਾਰ ਉਹਨਾਂ ਵਲੋਂ ਕੀਤੇ ਗਏ ਦਾਨ ਦੀ ਰਕਮ ਤੋ ਪ੍ਰਾਪਤ ਵਿਆਜ਼ ਨੂੰ ਵਜ਼ੀਫੇ ਦੇ ਤੌਰ ਤੇ ਅਦਾ ਕੀਤਾ ਗਿਆ ਹੈ। ਜਿਸਦਾ ਵੇਰਵਾ ਇਸ ਪ੍ਰਕਾਰ ਹੈ :

ਡਾ. ਸੰਤੋਖ ਸਿੰਘ ਸੈਂਡੀ ਲਬਾਣਾ, .. ਵਲੋਂ 6,12,000/- ਦੀ ਰਾਸ਼ੀ ਜੋ ਕਿ ਸਵਰਗਵਾਸੀ ਸ. ਸਰਦਾਰਾ ਸਿੰਘ, ਚੀਫ਼ ਇੰਜ (ਰਿਟਾ.) ਰਾਹੀਂ ਅਮਰੀਕਾ ਫੇਰੀ ਦੌਰਾਨ ਲਿਆ ਕੇ ਫ਼ਾਉਡੇਸ਼ਨ ਨੂੰ ਦਾਨ ਦਿੱਤੇ ਗਏ ਸਨ। ਇਹ ਦਾਨ ਡਾ. ਸੰਤੋਖ ਸਿੰਘ ਸੈਂਡੀ ਲਬਾਣਾ ਨੇ ਆਪਣੇ ਸਤਿਕਾਰਯੋਗ ਪਿਤਾ ਸੂਬੇਦਾਰ ਚਰਨ ਸਿੰਘ ਅਤੇ ਮਾਤਾ ਪ੍ਰਭ ਕੋਰ ਪਿੰਡ- ਮਾੜੀ ਟਾਂਡਾ, ਜ਼ਿਲ੍ਹਾ, ਗੁਰਦਾਸਪੁਰ ਦੀ ਯਾਦ ਵਿੱਚ ਦਿੱਤੇ ਗਏ ਸਨ। ਉਨ੍ਹਾਂ ਦੀ ਇੱਛਾ ਸੀ ਕਿ ਇਸ ਰਾਸ਼ੀ ਦੇ ਵਿਆਜ਼ ਦੀ ਰਕਮ ਹੋਣਹਾਰ ਅਤੇ ਲੋੜਵੰਦ ਬੱਚਿਆਂ ਦੀ ਸਹਾਇਤਾ ਲਈ ਵਜ਼ੀਫੇ ਦਿੱਤੇ ਜਾਣ। ਉਹਨਾਂ ਦੀ ਇਛਾ ਨੂੰ ਮੁੱਖ ਰਖਦੇ ਹੋਏ ਹੇਠ ਲਿਖੇ ਵਜ਼ੀਫ਼ਿਆਂ ਦੀ ਵੰਡ ਕੀਤੀ ਗਈ ਹੈ :-

| ਲੜੀ ਨੰ: | ਨਾਮ | ਰਾਸ਼ੀ ਬਾਬਤ ਸਾਲ 2022-23 |
|---|---|---|
| 1. | ਮਹਿਕਪ੍ਰੀਤ ਕੌਰ | 6000/- |
| 2. | ਮਨਮੀਤ ਕੌਰ ਪੁੱਤਰੀ ਜੋਗਿੰਦਰ ਸਿੰਘ | 12000/- |
| 3. | ਮਨਪ੍ਰੀਤ ਕੌਰ ਪੁੱਤਰੀ ਹਰਵਿੰਦਰ ਸਿੰਘ | 12000/- |
| | ਕੁਲ ਰਾਸ਼ੀ | 30000/- |

ਇਸੇ ਤਰ੍ਹਾਂ ਬਾਵਾ ਸਤਪਾਲ ਸਿੰਘ ਨੇ ਆਪਣੇ ਮਾਤਾ-ਪਿਤਾ ਸਵਰਗਵਾਸੀ ਬਾਵਾ ਸੰਗਤ ਸਿੰਘ ਅਤੇ ਸਰਦਾਰਨੀ ਸੁਰਿੰਦਰ ਕੌਰ ਦੀ ਯਾਦ ਵਿਚ ਸ਼੍ਰ ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.) ਰਾਹੀਂ ਦੋ ਲੱਖ ਦੀ ਰਾਸ਼ੀ ਫ਼ਾਉਂਡੇਸ਼ਨ ਨੂੰ ਦਾਨ ਕਰਦੇ ਹੋਏ ਇਸ ਦੇ ਵਿਆਜ਼ ਦੀ ਰਕਮ ਨੂੰ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇ ਰੂਪ ਵਿਚ ਦੇਣ ਦੀ ਇੱਛਾ ਪ੍ਰਗਟਾਈ ਸੀ। ਉਹਨਾਂ ਦੀ ਇੱਛਾ ਅਨੁਸਾਰ ਵਜ਼ੀਫਾ ਵੰਡ ਦਾ ਵੇਰਵਾ ਇਸ

ਪ੍ਰਕਾਰ ਹੈ:

| ਲੜੀ ਨੰ: | ਨਾਮ | ਰਾਸ਼ੀ ਬਾਬਤ ਸਾਲ 2022-23 |
|---|---|---|
| 1. | ਅਮਨ ਦੇਵੀ ਪੁੱਤਰੀ ਅਸ਼ੋਕ ਕੁਮਾਰ | 6000/- |
| 2. | ਸੁਖਮਨ ਕੌਰ ਪੁੱਤਰੀ ਸਰਦਾਰਾ ਸਿੰਘ | 6000/- |
| | ਕੁਲ ਰਾਸ਼ੀ | 12000/- |

4. **ਲੁਬਾਣਾ ਸੇਵਕ ਮੈਗਜ਼ੀਨ ਬਾਰੇ** :- ਲੁਬਾਣਾ ਸੇਵਕ ਮੈਗਜ਼ੀਨ ਲਗਾਤਾਰ ਹਰ ਮਹੀਨੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਜਿਸ ਵਿਚ ਧਾਰਮਿਕ, ਸਮਾਜਿਕ ਅਤੇ ਫ਼ਾਊਡੇਸ਼ਨ ਦੀ ਕਾਰਜਗੁਜਾਰੀ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ ਦਾਨ ਪਾਤਰੀਆ ਅਤੇ ਵਿਆਹ ਸੰਬੰਧੀ ਇਸ਼ਤਿਹਾਰ ਮੁਫਤ ਦਿੱਤੇ ਜਾਂਦੇ ਹਨ। ਲੁਬਾਣਾ ਸੇਵਕ ਦੇ ਮੈਂਬਰਾਂ ਨੂੰ ਹਰ ਮਹੀਨੇ ਇਹ ਮੈਗਜ਼ੀਨ ਡਾਕ ਰਾਹੀਂ ਭੇਜਿਆ ਜਾਂਦਾ ਹੈ। ਲੁਬਾਣਾ ਸੇਵਕ ਦੇ ਸਾਰੇ ਮੈਗਜ਼ੀਨ ਜਨਵਰੀ 2023 ਤੱਕ ਵੈਬਸਾਈਟ ਉੱਤੇ ਪਾ ਦਿੱਤੇ ਹਨ। ਜੋ ਕਿ ਇਛੁੱਕ ਪਾਠਕ ਵੈਬਸਾਈਟ ਖੋਲ੍ਹ ਕੇ ਪੜ੍ਹ ਸਕਦੇ ਹਨ। ਇਸੇ ਤਰ੍ਹਾਂ ਲੁਬਾਣਾ ਸੇਵਕ ਦਾ ਫਰਵਰੀ 2023 ਦਾ ਅੰਕ ਛੇਤੀ ਪਾ ਦਿੱਤਾ ਜਾਵੇਗਾ।

5. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ. ਓ. ਸੀ. ਬਾਰੇ** :- ਫ਼ਾਇਰ ਫ਼ਾਇਟਿੰਗ ਮਹਿਕਮੇ ਵਲੋਂ ਦੱਸਿਆ ਸਮਾਨ ਦੇ ਕੁੱਝ ਘਾਟ ਬਾਰੇ ਖਰੀਦ ਮੁਕਮੱਲ ਕਰ ਲਈ ਗਈ ਹੈ। ਇੰਜ. ਹਰਦੇਵ ਸਿੰਘ, ਸੀਨੀਅਰ ਮੈਟੀਨੈਂਸ ਇੰਜ: ਅਤੇ ਸ਼੍ਰੀ ਰਜਿੰਦਰ ਕੁਮਾਰ ਕਾਰਜਕਾਰੀ ਮੈਂਬਰ ਵਲੋਂ ਇਸ ਸਮਾਨ ਦੀ ਫਿਟਿੰਗ ਕਰਵਾਈ ਜਾ ਰਹੀ ਹੈ, ਜੋ ਕਿ ਛੇਤੀ ਮੁਕੰਮਲ ਕਰ ਲਈ ਜਾਵੇਗੀ। ਇਸ ਉਪਰੰਤ ਉਹਨਾਂ ਵਲੋਂ ਸੰਬੰਧਿਤ ਮਹਿਕਮੇ ਨਾਲ ਐਨ.ਓ.ਸੀ. ਲੈਣ ਲਈ ਕਾਰਵਾਈ ਕੀਤੀ ਜਾਵੇਗੀ।

6. **ਮਾਘ ਮਹੀਨੇ ਦੀ ਸੰਗਰਾਂਦ ਬਾਰੇ** :- ਮਿਤੀ 14.1.2023 ਨੂੰ ਫ਼ਾਊਡੇਸ਼ਨ ਦੇ ਚੰਡੀਗੜ੍ਹ ਵਿਖੇ ਗੁਰੂ ਘਰ ਵਿੱਚ ਸ਼ਰਧਾ ਭਾਵਨਾ ਨਾਲ ਸਾਧਾਰਨ ਪਾਠ ਦੀ ਸਮਾਪਤੀ ਉਪਰੰਤ ਕੀਰਤਨ ਦਰਬਾਰ ਅਤੇ ਲੰਗਰ ਕਰਕੇ ਬੜੇ ਉਤਸਾਹ ਨਾਲ ਮਨਾਈ ਗਈ।

7. **ਸ. ਜਗਮੋਹਨ ਸਿੰਘ** - ਜੋ ਫ਼ਾਊਡੇਸ਼ਨ ਦੇ ਸਤਿਕਾਰਯੋਗ ਮੁੱਢਲੇ ਮੈਂਬਰ ਸਨ ਮਿਤੀ 14.01.2023 ਨੂੰ 87 ਸਾਲਾਂ ਦੀ ਉਮਰ ਪੂਰੀ ਕਰਕੇ ਇਸ ਸੰਸਾਰ ਤੋਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਸ. ਜਗਮੋਹਨ ਸਿੰਘ ਜੀ ਸਾਬਕਾ ਐਡੀਸ਼ਨਲ ਡਾਇਰੈਕਟਰ (ਐਫ.ਏ.) ਕਮ ਕੰਟਰੋਲਰ ਖੁਰਾਕ ਅਕਾਊਟਸ (ਰਿਟਾ:) ਪੰਜਾਬ ਖੁਰਾਕ ਅਤੇ ਸਪਲਾਈ ਮਹਿਕਮੇ ਵਿਚੋ ਸੇਵਾ ਮੁਕਤ ਹੋਏ ਸਨ। 1975 ਤੋਂ ਮਤਲਬ ਫ਼ਾਊਡੇਸ਼ਨ ਦੀ ਸ਼ੁਰੂਆਤ ਤੋਂ ਹੀ ਚੰਡੀਗੜ੍ਹ ਭਵਨ ਵਿਖੇ ਆਪਣੀਆ ਲਗਾਤਾਰ ਸੇਵਾਵਾਂ ਵੱਖ-ਵੱਖ ਅਹੁਦਿਆਂ ਤੇ ਜ਼ਿੰਮੇਵਾਰੀ ਨਾਲ ਨਿਭਾਉਂਦੇ ਰਹੇ ਹਨ ਜਿਵੇਂ ਕਿ ਜਨਰਲ ਸਕੱਤਰ, ਵਿੱਤ ਸਕੱਤਰ, ਜੁਆਇੰਟ ਸਕੱਤਰ, ਵਾਈਸ ਪ੍ਰਧਾਨ ਅਤੇ ਵਿਸ਼ੇਸ ਸਲਾਹਕਾਰ ਇਤਿਆਦਿ ਦੇ ਤੌਰ ਤੇ। ਆਪ ਜੀ ਲਗਾਤਾਰ ਫ਼ਾਊਡੇਸ਼ਨ ਦਾ ਸਹਿਯੋਗ ਦਿੰਦੇ ਹੋਏ ਮਾਇਕ ਰਾਸ਼ੀ ਆਪਣੀ ਸਵੈ-ਇੱਛਾ ਨਾਲ ਹਰ ਮਹੀਨੇ ਦਾਨ ਵਜੋਂ ਦਿੰਦੇ ਰਹੇ। ਅੰਤਿਮ ਅਰਦਾਸ ਦਾ ਸਮਾਗਮ ਸ਼੍ਰੀ ਅਖੰਡ ਪਾਠ ਸਾਹਿਬ ਮਿਤੀ 18.01.2023 ਨੂੰ ਭਵਨ ਦੇ ਗੁਰੂ ਘਰ ਵਿੱਚ ਪ੍ਰਾਰੰਭ ਕਰ ਕੇ ਨਿਰਵਿਘਨ ਭੋਗ 20.01.2023 ਨੂੰ ਪਾਏ ਗਏ ਅਤੇ ਉਪਰੰਤ ਮੇਨ ਹਾਲ ਵਿਚ ਕੀਰਤਨ ਦਰਬਾਰ, ਅਰਦਾਸ ਅਤੇ ਸ਼ਰਧਾਜਲੀ ਸਮਾਰੋਹ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਕੀਤੇ ਗਏ। ਇਸ ਮੌਕੇ ਭਾਰੀ ਗਿਣਤੀ ਵਿਚ ਰਿਸ਼ਤੇਦਾਰ, ਮਿੱਤਰ, ਸੰਸਥਾ ਅਤੇ ਫ਼ਾਊਡੇਸ਼ਨ ਦੇ ਸੁਨੇਹੀ ਸ਼ਰਧਾ ਪੂਰਵਕ ਆਪਣੀ ਹਾਜ਼ਰੀ ਭਰ ਕੇ ਉਨ੍ਹਾਂ ਦੀ ਮਿੱਠੀ ਨਿਘੀ ਯਾਦ ਨੂੰ ਸਮਰਪਿਤ ਹੁੰਦੇ ਹੋਏ ਸ਼੍: ਜਗਮੋਹਨ ਸਿੰਘ ਵਾਸਤੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਅਤੇ ਵਾਹਿਗੁਰੂ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਚੜ੍ਹਦੀ ਕਲਾ ਵਿੱਚ ਰਖਣ। ਇਸ ਮੌਕੇ ਪ੍ਰਧਾਨ ਇੰਜ: ਹਰਭਜਨ ਸਿੰਘ ( ਡਿਪਟੀ ਚੀਫ ਰਿਟਾ:), ਸ. ਭਗਤ ਸਿੰਘ ਆਈ.ਏ.ਐਸ. ਸਾਬਕਾ ਪ੍ਰਧਾਨ ਬ.ਮ.ਸ.ਲ.ਭ ਚੰਡੀਗੜ੍ਹ, ਚੌਧਰੀ ਬਲਬੀਰ ਸਿੰਘ ਸਾਬਕਾ ਮੰਤਰੀ ਪੰਜਾਬ, ਸ਼੍ਰੀ ਸੋਮਨਾਥ ਜੀ ਮੈਂਬਰ ਲਾਇਨ ਕਲੱਬ ਚੰਡੀਗੜ੍ਹ ਅਤੇ ਸ.ਗੁਰਚਰਨ ਸਿੰਘ ਸਾਬਕਾ ਪ੍ਰਧਾਨ ਅਤੇ ਮੌਜੂਦਾ ਸੀਨੀਅਰ ਵਾਈਸ ਪ੍ਰਧਾਨ ਅਤੇ ਜਨਰਲ ਸਕੱਤਰ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਇਆ। ਪਰਿਵਾਰ ਵਲੋਂ ਉਹਨਾਂ ਦੇ ਸਪੁੱਤਰ ਵਲੋਂ ਸੱਭ ਦਾ ਧੰਨਵਾਦ ਕੀਤਾ ਗਿਆ। ਸਰਦਾਰਨੀ ਸੁਰਿੰਦਰ ਕੌਰ ਅਤੇ ਸਮੂਹ ਪਰਿਵਾਰ ਵਲੋਂ 25000/-ਰੁਪਏ ਫ਼ਾਊਡੇਸ਼ਨ ਚੰਡੀਗੜ੍ਹ ਨੂੰ ਦਾਨ ਕੀਤੇ ਗਏ ਹਨ। ਫ਼ਾਊਡੇਸ਼ਨ ਪਰਿਵਾਰ ਦਾ ਅਤਿ ਧੰਨਵਾਦੀ ਹੈ।

8. **ਭਾਈ ਮਨੀ ਸਿੰਘ ਬਲਾਕ ਦੀ ਬੇਸਮੈਂਟ ਦੀ ਮੁਰੰਮਤ ਅਤੇ ਚੂਹਿਆਂ ਤੋ ਛੁਟਕਾਰਾ ਪਾਉਣ ਲਈ** :- ਇਸ ਵਿੱਚ ਸੂਬੇਦਾਰ ਜਸਪਾਲ ਸਿੰਘ, ਮੈਟੇਨੈਂਸ ਸੈਕਟਰੀ ਨੇ ਇਸ ਸੰਬਧ ਵਿੱਚ ਚੂਹਿਆਂ ਨੂੰ ਫੜਨ ਲਈ ਪਿੰਜਰੇ ਰਖਵਾ ਦਿੱਤੇ ਹਨ। ਜਿਸ ਨਾਲ ਦੱਸਿਆ ਗਿਆ ਹੈ ਕਿ ਚੂਹਿਆਂ ਦੀ ਘੁੰਮਣ-ਫਿਰਨ ਦੀ ਤਦਾਦ ਘੱਟ ਗਈ ਹੈ। ਹੋਰ ਕੰਮ ਲਈ ਜੋ ਪਾਰਟੀਸ਼ਨ ਕਰਨਾ ਅਤੇ ਪੱਕੇ ਤੌਰ ਤੇ ਚੂਹਿਆਂ ਦੇ ਰਸਤਿਆਂ ਨੂੰ ਬੰਦ ਕਰਨਾ ਅਜੇ ਬਾਕੀ ਹੈ ਜਿਸ ਨੂੰ ਉਮੀਦ ਹੈ ਕਿ ਇਸ ਕੰਮ ਨੂੰ ਛੇਤੀ ਕਰ ਲਿਆ ਜਾਵੇਗਾ। ਇਸੇ ਤਰ੍ਹਾਂ ਫ਼ਾਊਡੇਸ਼ਨ ਦਾ ਜ਼ਰੂਰੀ ਸਮਾਨ ਅਤੇ ਰਿਕਾਰਡ ਜੋ ਖਰਾਬ ਹੋ ਰਿਹਾ ਹੈ ਲੋੜ ਅਨੁਸਾਰ ਅਲਮਾਰੀਆ ਵੀ ਖਰੀਦ ਲਈਆਂ ਜਾਣਗੀਆਂ। ਮਾਨਯੋਗ ਪ੍ਰਧਾਨ ਜੀ ਦੀ ਇੱਛਾ ਹੈ ਕਿ ਇਸ ਸਮਾਨ ਤੇ ਰਿਕਾਰਡ ਨੂੰ ਖਰਾਬ ਹੋਣ ਤੋ ਬਚਾਇਆ ਜਾਵੇ ਅਤੇ ਅਲਮਾਰੀਆਂ ਵਿੱਚ ਤਰਤੀਬ ਅਨੁਸਾਰ ਰਖਿਆ ਜਾਵੇ। ਇਸ ਤਰ੍ਹਾਂ ਇਸ ਰਿਕਾਰਡ ਦੀ ਸੂਚੀ ਤਿਆਰ ਕਰਕੇ ਰੱਖੀ ਜਾਵੇ ਤਾਂ ਜੋ ਲੋੜ ਪੈਣ ਤੇ ਇਸ

ਪੁਰਾਣੇ ਰਿਕਾਰਡ ਨੂੰ ਆਸਾਨੀ ਨਾਲ ਲੱਭਿਆ ਜਾ ਸਕੇ। ਮੈਂਟੀਨੇਸ ਇੰਜੀਨੀਅਰ ਅਤੇ ਮੈਂਟੀਨੇਸ ਸਕੱਤਰ ਇਸ ਕੰਮ ਲਈ ਕੰਮ ਨੂੰ ਨੇਪਰੇ ਚਾੜ੍ਹਨਗੇ।

**9. ਮੋਬਾਇਲ ਮੈਡੀਕਲ ਵੈਨ** :- ਇਸ ਵੈਨ ਨੂੰ ਚਾਲੂ ਕਰਨ ਦੀ ਜ਼ਿੰਮੇਵਾਰੀ ਸ੍ਰ: ਨਿਰਮਲ ਸਿੰਘ, ਮੈਂਬਰ ਦੀ ਡਿਊਟੀ ਪ੍ਰਧਾਨ ਜੀ ਵਲੋਂ ਲਗਾਈ ਗਈ ਸੀ ਜਿਨ੍ਹਾਂ ਵਲੋਂ ਇਸ ਨੂੰ ਚਾਲੂ ਕਰਨਾ, ਸੜਕ ਤੇ ਚਲਣ ਯੋਗ ਕਾਗਜ਼ਾਤ, ਆਰ ਸੀ, ਇਨਸੋਰੇਸ਼, ਪਾਸਿੰਗ ਅਤੇ ਹੋਰ ਜ਼ਰੂਰੀ ਕਾਰਵਾਈ ਕੀਤੀ ਜਾਣੀ ਹੈ। ਜਿਵੇਂ ਕਿ ਟੈਸਟ, ਸਾਜੋ-ਸਮਾਨ ਨੂੰ ਜਾਂਚ ਕਰ ਕੇ ਚੈੱਕ ਕਰਨ ਅਤੇ ਇਸ ਨੂੰ ਪੂਰਨ ਰੂਪ ਵਿੱਚ ਮਾਪਦੰਡਾਂ ਮੁਤਾਬਕ ਯਕੀਨੀ ਬਨਾਉਣਾ ਹੈ। ਇਹ ਕੰਮ ਅਜੇ ਕਾਰਵਾਈ ਅਧੀਨ ਹੈ। ਬਾਕੀ ਦੀ ਕਾਰਵਾਈ ਜਿਵੇਂ ਕਿ ਸਟਾਫ਼ ਭਰਤੀ ਕਰਨਾ, ਟੈਸਟਾਂ ਵਾਸਤੇ ਫ਼ੀਲਡ ਵਿੱਚ ਕੈਂਪ ਲਾਉਣਾ ਆਦਿ ਦੀ ਯੋਜਨਾਬੰਦ ਤਰੀਕੇ ਨਾਲ ਫ਼ੈਸਲਾ ਸਮੇਂ-ਸਮੇਂ ਸਿਰ ਲੋੜ ਮੁਤਾਬਕ ਲਿਆ ਜਾਵੇਗਾ।

**10. ਭਾਈ ਮਨੀ ਸਿੰਘ ਅਤੇ ਲੱਖੀ ਸ਼ਾਹ ਰਿਹਾਇਸ਼ੀ ਬਲਾਕ ਦੇ ਇਨਵਰਟਰ ਅਤੇ ਬੈਟਰੀ ਲਗਾਉਣ ਸੰਬੰਧੀ** :- ਇਸ ਕੰਮ ਲਈ ਮਿਤੀ 20.12.2022 ਦੀ ਵਰਕਿੰਗ ਕਮੇਟੀ ਵਿੱਚ ਇੰਜ: ਹਰਦੇਵ ਸਿੰਘ, ਜੀ.ਐਮ. (ਰਿਟਾ:) ਸੀਨੀਅਰ ਮੈਂਟੇਨੈਂਸ ਇੰਜੀਨੀਅਰ ਵਲੋਂ ਦਰਸਾਏ ਅਨੁਸਾਰ 20,000/-ਰੁਪਏ (ਵੀਹ ਹਜ਼ਾਰ ਰੁਪਏ/-) ਪ੍ਰਤੀ ਸੈਟ ਇਨਵਰਟਰ ਅਤੇ ਬੈਟਰੀ ਲਈ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਕਾਰਵਾਈ ਸ਼ੁਰੂ ਹੋਣੀ ਬਾਕੀ ਹੈ। ਉਮੀਦ ਹੈ ਕਿ ਨਿਯਮਾਂ ਮੁਤਾਬਿਕ ਇੰਜ: ਹਰਦੇਵ ਸਿੰਘ ਕਾਰਜਕਾਰੀ ਮੈਂਬਰ ਇਸ ਕੰਮ ਨੂੰ ਛੇਤੀ ਨੇਪਰੇ ਚਾੜ੍ਹਨ ਦੀ ਕੋਸਿਸ਼ ਕਰਨਗੇ।

**11. ਸਟਾਫ ਆਨਰੇਰੀਅਮ ਬਾਰੇ** :- ਮਿਤੀ 1.12.2023 ਨੂੰ ਸ਼੍ਰੀ ਸੂਰਜ ਕੁਮਾਰ ਨੂੰ ਸਫਾਈ / ਗੇਟ ਕੀਪਰ ਨਿਯੁਕਤ ਕੀਤਾ ਗਿਆ ਸੀ। ਜੋ ਕਿ 1.1.2023 ਤੋ ਗੈਰ ਹਾਜ਼ਰ ਚੱਲ ਰਿਹਾ ਸੀ ਨੂੰ ਨਾ ਤੱਸਲੀ ਬਖਸ਼ ਕੰਮ ਅਤੇ ਲਗਾਤਾਰ ਬਿਨਾਂ ਦੱਸੇ ਗੈਰ-ਹਾਜ਼ਰ ਰਹਿਣ ਕਾਰਨ ਬਰਖਾਸਤ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸ਼੍ਰੀ ਗੋਰਵ ਕੋਸ਼ਿਕ, ਅਸਿਸਟੈਂਟ ਅਕਾਉਂਟੈਂਟ ਮੈਨੇਜਰ ਦੀ ਨਿਯੁਕਤੀ ਪੱਤਰ (ਸਰਕਾਰੀ ਨੌਂਕਰੀ) ਜਿਸ ਦਾ ਉਹਨਾ ਨੇ ਪਹਿਲਾਂ ਲਿਖਤੀ ਦੱਸਿਆ ਹੋਇਆ ਹੈ, ਉਸਦੀ ਚੋਣ ਹੋ ਚੁੱਕੀ ਹੈ ਤੇ ਹੁਣ ਨਿਯੁਕਤੀ ਪੱਤਰ ਵੀ ਮਿਲ ਚੁਕਿਆ ਹੈ, ਦਾ ਅਸਤੀਫ਼ਾ 31-01-2023 ਨੂੰ ਮਨਜ਼ੂਰ ਕਰ ਲਿਆ ਹੈ। ਹਿਦਾਇਤ ਦਿੱਤੀ ਗਈ ਹੈ ਕਿ ਉਹ ਹੁਣ ਤੱਕ ਦਾ ਆਪਣਾ ਵਿੱਤੀ ਰਿਕਾਰਡ ਮੁਕੰਮਲ ਕਰ ਲੈਣ ਅਤੇ ਸਾਰਾ ਚਾਰਜ ਜੋ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਹੈ ਉਹ ਸ਼੍ਰ: ਮਨਪ੍ਰੀਤ ਸਿੰਘ ਅਸਿਸਟੈਂਟ ਅਕਾਊਂਟ ਮੈਨੇਜਰ ਨੂੰ ਦੇ ਦੇਣ। ਵਿੱਤ ਸਕੱਤਰ ਦੀ ਹਦਾਇਤਾਂ ਅਤੇ ਜਨਰਲ ਸਕੱਤਰ ਦੀ ਸਹਿਮਤੀ ਨਾਲ ਸ਼੍ਰੀ ਗੋਰਵ ਕੋਸ਼ਿਕ ਮੁਕੰਮਲ ਕਰਕੇ ਚਾਰਜ ਜਲਦ ਤੋ ਜਲਦ ਦੇਣਗੇ ਤਾਂ ਜੋ ਸੰਸਥਾ ਅਤੇ ਐਡਮਿਨਸਟਰੇਟਿਵ ਦਾ ਲੇਖੇ ਦਾ ਕੰਮ ਹਰ ਪੱਖੋਂ ਮੁਕੰਮਲ ਹੋ ਸਕੇ। ਸ੍ਰ: ਮਨਪ੍ਰੀਤ ਸਿੰਘ ਦੀ ਨਿਯੁਕਤੀ ਬਤੌਰ ਅਸਿਸਟੈਂਟ ਅਕਾਉਂਟਸ ਮੈਨੇਜਰ ਕੀਤੀ ਗਈ ਹੈ ਤਾਂ ਜੋ ਉਹ ਗੋਰਵ ਕੌਸ਼ਿਕ ਜੀ ਪਾਸੋ ਆਪਣੀ ਜ਼ਿੰਮੇਵਾਰੀ ਅਤੇ ਚਾਰਜ ਸੰਭਾਲ ਸਕਣ।

**12. ਭਾਈ ਲੱਖੀ ਬਲਾਕ ਦੇ ਨਵੀਨੀਕਰਨ ਬਾਰੇ** : ਮਿਤੀ 20.12.2022 ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਪਹਿਲਾ ਹੀ ਪ੍ਰਵਾਨ ਹੋਈਆਂ ਡਰਾਇਗਾਂ ਬਾਰੇ ਨਕਸ਼ੇ ਅਤੇ ਤਜਵੀਜ਼ ਦੀ ਸਲਾਹ ਮਸ਼ਵਰਾ ਕਰਨ ਲਈ ਆਰਕੀਟੈਕ ਅਤੇ ਸਟਰਕਚਰ ਇੰਜੀਨੀਅਰ ਨਾਲ ਤਾਲਮੇਲ ਕਰਕੇ ਡਿਟੇਲਾਂ ਲੈਣ ਲਈ ਪ੍ਰਵਾਨਗੀ ਦਿੱਤੀ ਗਈ। ਇਸ ਬਾਰੇ ਕੰਮ ਛੇਤੀ ਨਾਲ ਕੀਤਾ ਜਾ ਰਿਹਾ ਹੈ।

ਪ੍ਰਧਾਨ ਜੀ ਵਲੋਂ ਸਾਰੇ ਮੈਂਬਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਫ਼ਾਊਡੇਸ਼ਨ ਦੇ ਕੰਮਕਾਰਾਂ ਵਿੱਚ ਵਾਧਾ ਕਰਨ ਲਈ ਵਧੇਰੇ ਮਾਹਿਰ ਮੈਬਰਾਂ ਦੀ ਸਹਾਇਤਾ ਨਾਲ ਮਿੱਥੇ ਹੋਏ ਪ੍ਰੋਜੈਕਟ ਨੂੰ ਛੇਤੀ ਪੂਰਾ ਕਰਨ ਲਈ ਪੁਰਜ਼ੋਰ ਸਹਿਯੋਗ ਦੇਣ ਦੀ ਕ੍ਰਿਪਾਲਤਾ ਕਰਨ ਅਤੇ ਜਿਨ੍ਹਾਂ ਵੀ ਹੋ ਸਕੇ ਤਨ, ਮਨ ਅਤੇ ਧਨ ਨਾਲ ਸੇਵਾ ਕਰਕੇ ਵਾਹਿਗੁਰੂ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਜਾਵੇ ਜੀ।

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।


**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**

**E-mail:bslubana187@gmail.com**

**M.: 98155-40240**

# ਬੱਚਿਆਂ ਦਾ ਸੁਨਹਿਰੀ ਭਵਿੱਖ

ਤਬਦੀਲੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਜ਼ਿੰਦਗੀ ਵਿਚ ਕਈ ਪੜਾਵ ਆਉਂਦੇ ਹਨ ਪਰ ਸਕੂਲੀ ਵਿੱਦਿਆ ਗ੍ਰਹਿਣ ਕਰਨ ਦਾ ਪੜਾਅ ਬੜਾ ਯਾਦਗਾਰੀ ਅਤੇ ਪ੍ਰੇਰਨਾਦਾਇਕ ਹੁੰਦਾ ਹੈ। ਪ੍ਰੀਖਿਆਵਾਂ ਦੇ ਮੌਸਮ ਤੋਂ ਬਾਅਦ ਮੌਸਮ ਆਉਂਦਾ ਹੈ ਨਤੀਜਿਆਂ ਦਾ। ਕੁਝ ਬੱਚੇ ਤਾਂ ਇਨ੍ਹਾਂ ਨਤੀਜਿਆਂ ਤੋਂ ਬਾਅਦ ਆਪਣੀ ਸਫਲਤਾ ਦੇਖ ਕੇ ਬਹੁਤ ਖੁਸ਼ ਹੁੰਦੇ ਹਨ ਅਤੇ ਕੁਝ ਬੀਤੇ ਸਮੇਂ ਨੂੰ ਅਜਾਈਂ ਗਵਾ ਕੇ ਪਛਤਾਉਂਦੇ ਹਨ ਪਰ ਬੀਤਿਆ ਸਮਾਂ ਪਰਤ ਕੇ ਨਹੀਂ ਆਉਂਦਾ। ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ ਆਉਣ ਤੋਂ ਬਾਅਦ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰਦੇ ਹਨ ਅਤੇ ਬਹੁਤ ਖੁਸ਼ ਹੁੰਦੇ ਹਨ।

ਮੈਟ੍ਰਿਕ ਤੋਂ ਬਾਅਦ ਵਿਸ਼ਿਆਂ ਦੀ ਚੋਣ ਸਮੇਂ ਵੀ ਕਈ ਵਾਰ ਬੱਚਿਆਂ ਦੀਆਂ ਰੁਚੀਆਂ ਵੱਲ ਮਾਪੇ ਧਿਆਨ ਨਹੀਂ ਦਿੰਦੇ। ਦੇਖੋ-ਦੇਖੀ ਜ਼ਬਰਦਸਤੀ ਬੱਚਿਆਂ ਨੂੰ ਆਪਣੀ ਮਰਜ਼ੀ ਦੇ ਵਿਸ਼ੇ ਲੈ ਦਿੰਦੇ ਹਨ। ਸਿੱਟੇ ਵਜੋਂ ਬੱਚਿਆਂ ਦੀ ਪੜ੍ਹਾਈ ਪ੍ਰਤੀ ਰੁਚੀ ਅਤੇ ਅਵੇਸਲਾਪਣ ਵਧਣ ਨਾਲ ਨਤੀਜੇ ਵੀ ਆਸ ਮੁਤਾਬਿਕ ਨਹੀਂ ਹੁੰਦੇ। ਇਹ ਠੀਕ ਹੈ ਕਿ ਬੱਚੇ ਦਾ ਨਤੀਜਾ ਆਸ ਮੁਤਾਬਿਕ ਨਾ ਆਉਣ 'ਤੇ ਉਸ ਨੂੰ ਸਮਝਾਉਣਾ ਅਤੇ ਭਵਿੱਖ ਪ੍ਰਤੀ ਚੇਤੰਨ ਕਰਨਾ ਹਰ ਮਾਂ-ਬਾਪ ਦਾ ਫਰਜ਼ ਹੈ ਪਰ ਬੱਚੇ ਨੂੰ ਧਮਕਾਉਣਾ, ਮਾਰਕੁੱਟ ਕਰਨਾ ਬੱਚੇ ਦੀ ਸ਼ਖ਼ਸੀਅਤ ਉਸਾਰੀ ਵਿਚ ਵੱਡੀ ਰੁਕਾਵਟ ਬਣਦਾ ਹੈ। ਬੱਚਿਆਂ ਦੀ ਇਸ ਦੁਬਿਧਾਜਨਕ ਮਾਨਸਿਕ ਸਥਿਤੀ ਨੂੰ ਹਲਕਾ ਕਰਨ ਲਈ ਮਾਪਿਆਂ ਤੋਂ ਵੱਡਾ ਮਦਦਗਾਰ ਹੋਰ ਕੋਈ ਨਹੀਂ ਹੋ ਸਕਦਾ।


**ਮਹਿੰਦਰ ਸਿੰਘ**
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535




ਕਈ ਮਾਂ-ਬਾਪ ਤਾਂ ਬੱਚਿਆਂ ਦੀ ਪੜ੍ਹਾਈ ਤੇ ਚਰਿੱਤਰ ਨਿਰਮਾਣ ਦੀ ਸਾਰੀ ਜ਼ਿੰਮੇਵਾਰੀ ਵਿਦਿਅਕ ਅਦਾਰਿਆਂ ਉਪਰ ਸੁੱਟ ਕੇ ਆਪ ਬੇਫ਼ਿਕਰ ਹੋ ਜਾਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤੇ ਮਾਪਿਆਂ ਦੀ ਆਪਣੇ ਬੱਚਿਆਂ ਦੀ ਪੜ੍ਹਾਈ, ਚਰਿੱਤਰ ਨਿਰਮਾਣ ਤੇ ਭਵਿੱਖ ਦੀ ਦਿਸ਼ਾ ਉਪਰ ਪੂਰੀ ਪਕੜ ਹੁੰਦੀ ਹੈ, ਫਿਰ ਵੀ ਇਹ ਵੇਖਣ ਵਿੱਚ ਅਕਸਰ ਆ ਰਿਹਾ ਹੈ ਕਿ ਅਜਿਹੇ ਮਾਪਿਆਂ ਦੀ ਵੀ ਕਮੀ ਨਹੀਂ ਜਿਹੜੇ ਕਦੇ ਸਕੂਲ ਜਾਂ ਕਾਲਜ ਵਿੱਚ ਇਹ ਪਤਾ ਨਹੀਂ ਕਰਨ ਜਾਂਦੇ ਕਿ ਉਨ੍ਹਾਂ ਦੇ ਬੱਚੇ ਪੜ੍ਹਾਈ ਵਿੱਚ ਕਿਵੇਂ ਚੱਲ ਰਹੇ ਹਨ ਜਾਂ ਕਿਤੇ ਉਹ ਬੁਰੀ ਸੰਗਤ ਵਿੱਚ ਪੈ ਕੇ ਪੜ੍ਹਾਈ ਕਰਨ ਦੀ ਬਜਾਇ ਇੱਧਰ-ਉੱਧਰ ਘੁੰਮ ਕੇ ਹੀ ਘਰ ਪਰਤ ਤਾਂ ਨਹੀਂ ਆਉਂਦੇ। ਕਿਤੇ ਅਜਿਹਾ ਨਾ ਹੋ ਜਾਵੇ ਕਿ ਮਾਪਿਆਂ ਦੀ ਲਾਪ੍ਰਵਾਹੀ ਕਾਰਨ ਉਨ੍ਹਾਂ ਦਾ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਰਹਿ ਜਾਵੇ ਜਾਂ ਉਹ ਬੁਰੀ ਸੰਗਤ ਦਾ ਸ਼ਿਕਾਰ ਹੋ ਕਿ ਪੜ੍ਹਾਈ ਤੋਂ ਪਾਸਾ ਵੱਟ ਜਾਵੇ। ਪੜ੍ਹਾਈ ਵਿੱਚ ਸਿਰੇ ਨਾ ਲੱਗ ਸਕਣ ਵਾਲੇ ਬੱਚੇ, ਆਪਣਾ ਹੀ ਨਹੀਂ, ਮਾਪਿਆਂ ਦਾ ਭਵਿੱਖ ਵੀ ਖਰਾਬ ਕਰ ਦਿੰਦੇ ਹਨ। ਮਾਪਿਆਂ ਦੀ ਉਨ੍ਹਾਂ ਪ੍ਰਤੀ ਫ਼ਿਕਰਮੰਦੀ ਵੱਧ ਜਾਂਦੀ ਹੈ। ਫਿਰ ਕੁਵੇਲੇ ਦੀਆਂ ਟੱਕਰਾਂ ਹੀ ਪੱਲੇ ਰਹਿ ਜਾਂਦੀਆਂ ਹਨ।

ਬੱਚੇ ਜਿਵੇਂ ਹੀ ਸਕੂਲ ਦੀਆਂ ਵੱਡੀਆਂ ਜਮਾਤਾਂ ਭਾਵ ਗਿਆਰਵੀਂ ਬਾਰਵੀਂ ਵਿੱਚ ਪਹੁੰਚਦੇ ਹਨ, ਉਨ੍ਹਾਂ ਉਪਰ ਸਮੇਂ ਦੇ ਬਾਹਰੀ ਰੁਝਾਨਾਂ ਦੇ ਪ੍ਰਭਾਵ ਵੀ ਪੈਣੇ ਸ਼ੁਰੂ ਹੋ ਜਾਂਦੇ ਹਨ ਜਿਵੇਂ ਘੁੰਮਣਾ-ਫਿਰਨਾ, ਮੋਬਾਇਲ ਫੋਨ, ਇੰਟਰਨੈੱਟ ਜਾਂ ਮੋਟਰਸਾਈਕਲ ਆਦਿ ਦੀ ਲੋੜ ਮਹਿਸੂਸ ਹੁੰਦੀ ਹੈ। ਪੜ੍ਹਾਈ ਲਈ ਸਮਾਂ ਘਟਣਾ ਸ਼ੁਰੂ ਹੋ ਜਾਂਦਾ ਹੈ। ਇਹ ਸਮਾਂ ਮਾਪਿਆਂ ਲਈ ਆਪਣੇ ਬੱਚਿਆਂ ਪ੍ਰਤੀ ਚੌਕਸ ਰਹਿਣ ਦਾ ਹੁੰਦਾ ਹੈ ਕਿਉਂਕਿ ਇਸ ਉਮਰ ਵਿਚ ਬੱਚਿਆਂ ਦਾ ਬੌਧਿਕ ਵਿਕਾਸ ਤੇਜ਼ੀ ਨਾਲ ਆਰੰਭ ਹੋਣਾ ਹੁੰਦਾ ਹੈ। ਜੇ ਮਾਪੇ ਅਜਿਹੇ ਸਮੇਂ ਆਪਣੇ ਬੱਚੇ ਦੀ ਦਿਸ਼ਾ ਸਹੀ ਪਾਸੇ ਕਾਇਮ ਰੱਖਣ ਵਿੱਚ ਕਾਮਯਾਬ ਹੋ ਜਾਣ ਤਾਂ ਅਗਲੇਰੀ ਪੜ੍ਹਾਈ ਦੌਰਾਨ ਉਨ੍ਹਾਂ ਦੀ ਫਿਕਰ ਘਟ ਜਾਂਦੀ ਹੈ।

ਬੱਚਿਆਂ ਵਿੱਚ ਸ਼ੁਰੂ ਤੋਂ ਹੀ ਪੜ੍ਹਾਈ ਦੀ ਰੁਚੀ ਬਣਾਈ ਰੱਖਣਾ ਮਾਪਿਆਂ ਦੀ ਪਹਿਲੀ ਜ਼ਿੰਮੇਵਾਰੀ ਬਣ ਜਾਂਦੀ ਹੈ। ਵਿਦਿਅਕ ਜਾਗਰੂਕਤਾ ਵੱਧਣ ਕਾਰਨ ਹੁਣ ਬਹੁਤੇ ਮਾਪੇ ਇਸ ਅਹਿਮੀਅਤ ਨੂੰ ਪਛਾਣਦੇ ਤੇ ਆਪਣਾ ਫ਼ਰਜ਼ ਨਿਭਾ ਰਹੇ ਹਨ।

ਵਿਦਿਅਕ ਅਦਾਰਿਆਂ ਦੀ ਆਪਣੀ ਜ਼ਿੰਮੇਵਾਰੀ ਹੁੰਦੀ ਹੈ ਤੇ ਉਹ ਕਿਸੇ ਹੱਦ ਤੱਕ ਨਿਭਾਉਂਦੇ ਵੀ ਹਨ। ਇਸ ਤਰ੍ਹਾਂ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਗੰਭੀਰ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਸਮੇਂ-ਸਮੇਂ ਬੱਚਿਆਂ ਦੇ ਸਕੂਲ ਜਾਂ ਕਾਲਜ ਵਿਚ ਜਾ ਕੇ ਆਪਣੇ ਬੱਚਿਆਂ ਦੀ ਪੜ੍ਹਾਈ ਜਾਂ ਸਕੂਲ ਵਿਚ ਉਨ੍ਹਾਂ ਦੀ ਹਾਜ਼ਰੀ ਦਾ ਪਤਾ ਲੈਂਦੇ ਰਹਿਣਾ ਚਾਹੀਦਾ ਹੈ।

ਸੋ ਥੋੜ੍ਹਾ ਜਿਹਾ ਧਿਆਨ ਦੇਣ ਨਾਲ ਬੱਚਿਆਂ ਦੇ ਭਵਿੱਖ ਨੂੰ ਸੁਨਹਿਰੀ ਬਣਾਇਆ ਜਾ ਸਕਦਾ ਹੈ। ਉਸਾਰੂ ਰੁਚੀਆਂ ਦੀ ਪੂਰਤੀ ਲਈ ਸਹਿਯੋਗੀ ਬਣਨ ਦੀ ਲੋੜ ਹੈ ਤਾਂ ਜੋ ਬੱਚੇ ਉਤਸ਼ਾਹਿਤ ਹੋ ਕੇ ਆਪਣੇ ਰੌਸ਼ਨ ਭਵਿੱਖ ਦੇ ਨਿਰਮਾਣ ਵਿੱਚ ਜੁੱਟੇ ਰਹਿਣ ਅਤੇ ਆਪਣੇ ਵਿੱਦਿਅਕ ਅਦਾਰੇ, ਮਾਪਿਆਂ ਅਤੇ ਸਭ ਤੋਂ ਉੱਪਰ ਆਪਣਾ ਭਵਿੱਖ ਚੰਗਾ ਬਣਾ ਸਕਣ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ**

# ਪੰਜਾਬ ਦਾ ਜ਼ਹਿਰੀਲਾ ਪਾਣੀ ਅਤੇ ਪੰਜਾਬੀ ਸਭਿਅਤਾ ਦਾ ਉਜਾੜਾ






**ਗੁਰਮੀਤ ਸਿੰਘ ਪਲਾਹੀ**

98158-02070


ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਬਾਰੇ ਇਕ ਦਿਲ ਦਹਿਲਾ ਦੇਣ ਵਾਲੀ ਰਿਪੋਰਟ ਛਪੀ ਹੈ, ਜਿਸ ਅਨੁਸਾਰ ਪੰਜਾਬ ਦਾ 92 ਫ਼ੀਸਦੀ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਚੁੱਕਾ ਹੈ। ਪੰਜਾਬ ਦੇ ਪਾਣੀਆਂ 'ਚ ਉੱਚ ਜ਼ਹਿਰੀਲੇ ਸੰਖੀਏ ਵਾਲੇ ਤੱਤ (ਆਰਸੈਨਿਕ) ਪਾਏ ਗਏ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਆਰਸੈਨਿਕ ਆਪਣੇ ਅਜੀਵ ਰੂਪ ਚ' ਬਹੁਤ ਜ਼ਹਿਰੀਲਾ ਹੈ, ਜਿਸ 'ਚ ਪੀਣ ਵਾਲੇ ਪਾਣੀ ਤੇ ਭੋਜਨ ਦੇ ਤੱਤਾਂ ਦੇ ਲੰਬੇ ਸਮੇਂ ਤੱਕ ਇਹਨਾਂ ਦੇ ਸੰਪਰਕ 'ਚ ਰਹਿਣ ਦੇ ਚੱਲਦੇ ਕੈਂਸਰ ਤੇ ਚਮੜੀ ਰੋਗਾਂ ਸਮੇਤ ਹੋਰ ਸਰੀਰਕ ਬਿਮਾਰੀਆਂ ਹੋ ਸਕਦੀਆਂ ਹਨ।

ਪੰਜਾਬ ਦੇ ਵਸਨੀਕਾਂ ਨੂੰ ਜ਼ਹਿਰੀਲੇ ਤੱਤਾਂ ਦੇ ਅਸਰ ਦਾ ਪਹਿਲਾਂ ਹੀ ਵੱਡਾ ਸਾਹਮਣਾ ਕਰਨਾ ਪੈ ਰਿਹਾ ਹੈ, ਅਬੋਹਰ-ਬਠਿੰਡਾ (ਪੰਜਾਬ) ਤੋਂ ਜੋਧਪੁਰ-ਬੀਕਾਨੇਰ (ਰਾਜਸਥਾਨ) ਜਾਂਦੀ "ਕੈਂਸਰ ਟਰੇਨ" ਵਿੱਚ 30 ਫੀਸਦੀ ਕੈਂਸਰ ਦੇ ਮਰੀਜ਼ ਹੁੰਦੇ ਹਨ। ਜਿਹੜੇ ਖਾਸ ਤੌਰ ਤੇ ਮਾਨਸਾ, ਬਠਿੰਡਾ, ਫਰੀਦਕੋਟ, ਸੰਗਰੂਰ, ਮੋਗਾ, ਮੁਕਤਸਰ, ਫਿਰੋਜ਼ਪੁਰ, ਫਾਜ਼ਿਲਕਾ ਨਾਲ ਸੰਬੰਧਤ ਹਨ। ਇਹ ਪੰਜਾਬ ਦੇ ਮਾਲਵਾ ਖਿੱਤੇ ਦੇ ਲੋਕਾਂ ਦੇ ਕੈਂਸਰ ਰੋਗ ਤੋਂ ਪੀੜਤ ਹੋਣ ਦੀ ਵੱਡੀ ਦਾਸਤਾਨ ਹਨ। ਇਹ ਮਰੀਜ਼ ਅਚਾਰੀਆ ਤੁਲਸੀ ਡਿਜਟਲ ਕੈਂਸਰ ਹੌਸਪੀਟਲ ਐਂਡ ਰੀਸਰਚ ਸੈਂਟਰ ਬੀਕਾਨੇਰ 'ਚ ਇਲਾਜ ਲਈ ਜਾਂਦੇ ਹਨ ਪਰ ਕਰੋਨਾ ਕਾਰਨ ਹੁਣ ਐਡਵਾਂਸ ਕੈਂਸਰ ਇਨਸਟੀਚੀਊਟ ਐਂਡ ਹੋਮੀ ਭਾਬਾ ਕੈਂਸਰ ਹੌਸਪੀਟਲ ਸੰਗਰੂਰ 'ਚ ਇਲਾਜ ਲਈ ਪੁੱਜਦੇ ਹਨ।

ਪੰਜਾਬ ਦਾ ਮਾਲਵਾ ਖਿੱਤਾ ਇਹੋ ਜਿਹਾ ਹੈ, ਜਿਥੇ ਖੇਤੀ ਪੈਦਾਵਾਰ ਲਈ ਵਧੇਰੇ ਕੈਮੀਕਲਾਂ ਜਿਹਨਾਂ ਵਿੱਚ ਜ਼ਹਿਰੀਲੀਆਂ ਕੀੜੇਮਾਰ ਦਵਾਈਆਂ, ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਜਿਹੜੀਆਂ 15 ਕੀੜੇਮਾਰ ਦਵਾਈਆਂ ਪੰਜਾਬ ਦੇ ਖੇਤਾਂ ਵਿੱਚ ਖੇਤੀ ਪੈਦਾਵਾਰ ਲਈ ਵਰਤੀਆਂ ਜਾਂਦੀਆਂ ਹਨ, ਯੂ.ਐਸ.ਏ. ਇਨਵਾਇਰਮੈਂਟ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਉਹਨਾਂ ਵਿੱਚੋਂ 7 ਕੀੜੇਮਾਰ ਦਵਾਈਆਂ ਪੀਣ ਵਾਲੇ ਪਾਣੀ ਲਈ ਘਾਤਕ ਹਨ। ਬਿਨਾਂ ਸ਼ੱਕ ਪੰਜਾਬ ਨੂੰ ਇਸ ਵੇਲੇ ਅਫੀਮ, ਚਿੱਟੇ ਅਤੇ ਸਮੈਕ ਨੇ ਮਧੋਲਿਆ ਹੋਇਆ ਹੈ, ਪਰ ਪੀਣ ਵਾਲੇ ਜ਼ਹਿਰੀਲੇ ਪਾਣੀ ਅਤੇ ਪ੍ਰਦੂਸ਼ਿਤ ਹਵਾ ਨੇ ਤਾਂ ਪੰਜਾਬ ਨੂੰ ਪੰਜ+ਆਬ ਹੀ ਨਹੀਂ ਰਹਿਣ ਦਿੱਤਾ ਸਗੋਂ ਇੱਕ ਜ਼ਹਿਰੀਲੇ ਖਿੱਤੇ ਵਿੱਚ ਤਬਦੀਲ ਕਰ ਦਿੱਤਾ ਹੋਇਆ ਹੈ।

ਪੰਜਾਂ ਪਾਣੀਆਂ ਦੀ ਧਰਤੀ ਪੰਜਾਬ ਦੇ ਬੰਜਰ ਹੋਣ ਦੀਆਂ ਭਵਿੱਖਬਾਣੀਆਂ ਕੀਤੀਆਂ ਜਾ ਰਹੀਆਂ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਬਹੁਤ ਹੀ ਡੂੰਘਾ ਚਲਾ ਗਿਆ ਹੈ , ਜਿਸਦੀ ਬਦੌਲਤ ਅਧਿਐਨ ਵੇਲੇ ਦੇ ਪੰਜਾਬ ਦੇ 138 ਬਲਾਕਾਂ ਵਿੱਚੋਂ 109 ਬਲਾਕ ਤਾਂ ਅਤਿ ਸ਼ੋਸ਼ਤ ਖਿੱਤੇ ਵਿੱਚ ਚਲੇ ਗਏ ਹਨ। ਕੁਝ ਕੁ ਹੋਰ ਸੇਮ ਦੇ ਮਾਰੇ ਹਨ। ਪੰਜਾਬ ਦੀ ਰੁਮਕਦੀ ਪੌਣ ਪਲੀਤ ਹੋ ਚੁੱਕੀ ਹੈ ਅਤੇ ਖੇਤੀਬਾੜੀ ਦੇ ਉਦਯੋਗਿਕ ਮਾਡਲ ਨੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਢਾਅ ਲਾਈ ਹੈ। ਤੰਦਰੁਸਤ ਤੇ ਰਿਸ਼ਟ-ਪੁਸ਼ਟ ਮੌਤ ਨੂੰ ਮਖੌਲਾਂ ਕਰਨ ਵਾਲੇ ਪੰਜਾਬੀਆਂ ਦੇ ਘਰਾਂ ਵਿੱਚ ਕੈਂਸਰ, ਕਾਲਾ ਪੀਲੀਆ ਅਤੇ ਹੋਰ ਭਿਆਨਕ ਰੋਗਾਂ ਨੇ ਪੈਰ ਪਸਾਰ ਲਏ ਹਨ।

ਧਰਤੀ ਹੇਠਲੇ ਪਾਣੀ ਦੀ ਖੇਤੀ ਲਈ ਉਪਲੱਬਭਤਾ ਔਖੀ ਹੋਣ ਅਤੇ ਖੇਤੀ ਲਈ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਲੋੜੋਂ ਵੱਧ ਵਰਤੋਂ ਨੇ ਪੰਜਾਬ ਦੇ ਪਾਣੀਆਂ 'ਚ ਜ਼ਹਿਰ ਹੀ ਨਹੀਂ ਘੋਲੀ ਸਗੋਂ ਸ਼ਹਿਰਾਂ ਦੀਆਂ ਫੈਕਟਰੀਆਂ ਦੇ ਕੈਮੀਕਲ ਯੁਕਤ ਪਾਣੀ, ਘਰਾਂ ਵਿੱਚੋਂ ਨਿਕਲਦੇ ਗੰਦੇ ਪਾਣੀ (ਸੀਵਰੇਜ ਵਾਟਰ) ਨੇ ਵੀ ਇਸ ਵਿੱਚ ਵਾਧਾ ਕੀਤਾ ਹੈ। ਸਰਕਾਰੀ ਰਿਪੋਰਟਾਂ ਅਨੁਸਾਰ ਧਰਤੀ ਹੇਠਲਾ 60 ਮੀਟਰ ਡੂੰਘਾਈ ਤੱਕ ਦਾ 50 ਤੋਂ 60 ਫੀਸਦੀ ਪਾਣੀ, ਪੰਜਾਬ ਦੇ ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਨਵਾਂ ਸ਼ਹਿਰ, ਰੋਪੜ, ਲੁਧਿਆਣੇ, ਫਤਹਿਗੜ੍ਹ ਸਾਹਿਬ ਮੁਹਾਲੀ ਜ਼ਿਲਿਆਂ ਦਾ, ਸਾਫ-ਸੁਥਰਾ ਤੇ ਪੀਣ ਯੋਗ ਹੈ ਅਤੇ ਜਦਕਿ ਲਗਭਗ 20 ਤੋਂ 30 ਫੀਸਦੀ ਤਰਨਤਾਰਨ, ਪਟਿਆਲਾ, ਸੰਗਰੂਰ, ਬਰਨਾਲਾ, ਮੋਗਾ ਦਾ ਪਾਣੀ ਸਲੂਣਾ ਅਤੇ ਠੀਕ-ਠੀਕ ਪੱਧਰ ਦਾ ਹੈ। ਪਰ ਮੁਕਤਸਰ, ਬਠਿੰਡਾ, ਮਾਨਸਾ ਅਤੇ ਸੰਗਰੂਰ ਦਾ 15 ਤੋਂ 25 ਫੀਸਦੀ ਧਰਤੀ ਹੇਠਲਾ ਪਾਣੀ ਸਲੂਣਾ, ਅਲਕਲੀ ਭਰਪੂਰ ਹੈ ਜੋ ਕਿ ਸਿੰਚਾਈ ਲਈ ਵੀ ਦਰੁਸਤ ਨਹੀਂ ਹੈ।ਪੰਜਾਬ 'ਚ ਵੇਖਿਆ ਜਾ ਰਿਹਾ ਇਹ ਜ਼ਹਿਰੀਲਾ ਪਾਣੀ ਅੱਜ ਦੀ ਨਹੀਂ ਸਗੋਂ ਦਹਾਕਿਆਂ ਤੋਂ ਵੱਡੀ ਸਮੱਸਿਆ ਹੈ,

ਕਿਉਂਕਿ ਪੰਜਾਬ ਦੀ ਧਰਤੀ ਹੇਠਲੇ ਪਾਣੀਆਂ ਦੀ ਲਗਾਤਾਰ ਦੁਰਵਰਤੋਂ ਹੋਈ ਹੈ।

ਬੁੱਢਾ ਨਾਲਾ, ਲੁਧਿਆਣਾ ਜੋ ਕਦੇ ਲੁਧਿਆਣਾ ਦੇ ਨਜ਼ਦੀਕ ਵਗਦਾ ਹੈ ਸਾਫ ਸੁਥਰੇ ਪਾਣੀ ਦਾ ਸੋਮਾ ਸੀ, ਜਿਥੇ ਲੋਕ ਪਸ਼ੂਆਂ ਨੂੰ ਪਾਣੀ ਪਿਆਉਂਦੇ ਸਨ, ਕੱਪੜੇ ਧੋਂਦੇ ਸਨ, ਕਈ ਘਰਾਂ 'ਚ ਪੀਣ ਲਈ ਵਰਤਦੇ ਸਨ, ਅੱਜ ਇਹ ਗੰਦੇ ਨਾਲੇ ਦਾ ਰੂਪ ਧਾਰਨ ਕਰ ਚੁੱਕਾ ਹੈ ਕਿਉਂਕਿ ਲੁਧਿਆਣਾ ਸ਼ਹਿਰ ਦੀ ਇੰਡਸਟਰੀ ਦਾ ਕੈਮੀਕਲ ਅਤੇ ਹੋਰ ਗੰਦਮੰਦ ਇਸ ਨਾਲੇ ਵਿੱਚ ਪੈਂਦਾ ਹੈ ਜਿਹੜਾ ਅੱਗੋਂ ਦਰਿਆ ਸਤਲੁਜ ਵਿਚ ਪੈਂਦਾ ਹੈ ਅਤੇ ਸਤਲੁਜ ਦਰਿਆ ਤੋਂ ਨਿਕਲਦੀਆਂ ਨਹਿਰਾਂ ਜੋ ਫਿਰੋਜ਼ਪੁਰ, ਮਲੋਟ, ਜੀਰਾ ਆਦਿ ਪੁੱਜਦੀਆਂ ਹਨ, 'ਚ ਪੈਂਦਾ ਹੈ ਤਾਂ ਪਾਣੀ ਨੂੰ ਬੁਰੀ ਤਰ੍ਹਾਂ ਦੂਸ਼ਿਤ ਕਰਦੇ ਹੈ। ਇਸੇ ਤਰ੍ਹਾਂ ਕਾਲੀ ਬੇਈਂ ਸੁਲਤਾਨਪੁਰ ਲੋਧੀ ਜੋ ਸਾਫ ਸੁਥਰੇ ਪਾਣੀ ਦਾ ਇਕ ਸੋਮਾ ਸੀ, ਅਤੇ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਪਵਿੱਤਰ ਬੇਈਂ ਵਿਚ ਗੁਰੂ ਨਾਨਕ ਦੇਵ ਦੀ ਇਸ਼ਨਾਨ ਕਰਿਆ ਕਰਦੇ ਸਨ, ਉਸ ਬੇਈਂ ਦੇ ਮੁੱਢ ਤੋਂ ਸੁਲਤਾਨਪੁਰ ਲੋਧੀ ਤੱਕ ਪੈਂਦੇ ਪਿੰਡਾਂ ਸ਼ਹਿਰਾਂ ਦਾ ਗੰਦਾ ਪਾਣੀ ਇਸ ਬੇਈਂ ਵਿੱਚ ਰਲਾ ਦਿੱਤਾ ਗਿਆ ਹੈ, ਜਿਸ ਨਾਲ ਇਹ ਬੇਈਂ ਪੂਰੀ ਤਰ੍ਹਾਂ ਦੂਸ਼ਿਤ ਹੋਈ। ਇਹੋ ਹਾਲ ਬੰਗਾ-ਨਵਾਂਸ਼ਹਿਰ ਤੋਂ ਆਉਂਦੀ ਚਿੱਟੀ ਬੇਈਂ ਅਤੇ ਫਗਵਾੜਾ ਦੇ "ਗੰਦੇ ਨਾਲੇ" ਦਾ ਹੈ, ਜਿਥੇ ਸ਼ਹਿਰਾਂ 'ਚ ਲਗਾਈਆਂ ਫੈਕਟਰੀਆਂ ਦਾ ਗੰਦਾ ਪਾਣੀ ਸਾਫ ਸੁਥਰੇ ਪਾਣੀਆਂ ਨੂੰ ਦੂਸ਼ਿਤ ਕਰਦਾ ਹੈ।

ਭਾਵੇਂ ਕਿ ਸਮੇਂ-ਸਮੇਂ ਉਤੇ ਗੰਦੇ ਪਾਣੀ ਨੂੰ ਟਰੀਟ ਕਰਕੇ ਖੇਤੀਬਾੜੀ ਦੀ ਵਰਤੋਂ ਲਈ ਪੰਜਾਬ ਸਰਕਾਰ ਵਲੋਂ ਕਦਮ ਪੁੱਟੇ ਜਾ ਰਹੇ ਹਨ। ਪੰਜਾਬ ਦਾ ਪੌਲਿਊਸ਼ਨ ਕੰਟਰੋਲ ਬੋਰਡ ਕੈਮੀਕਲ ਯੁਕਤ ਪਾਣੀ ਨੂੰ ਟਰੀਟ ਕਰਨ ਲਈ ਕਾਰਖ਼ਾਨਿਆਂ, ਮਿੱਲਾਂ, ਫਾਊਂਡਰੀਆਂ ਉਤੇ ਕਰੜੀ ਨਜ਼ਰ ਰੱਖ ਰਿਹਾ ਹੈ, ਪਰ ਇਸ ਮਾਮਲੇ ਉਤੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਨਾ ਕਰਨ ਕਰਕੇ, ਲਗਾਏ ਗਏ ਟਰੀਟਮੈਂਟ ਪਲਾਂਟਾਂ ਨੂੰ ਨਾ ਚਲਾਕੇ, ਉਦਯੋਗਪਤੀ ਖ਼ਰਚ ਬਚਾ ਲੈਂਦੇ ਹਨ। ਗੰਨਾ ਮਿੱਲਾਂ ਦੀਆਂ ਸਿਰਫ਼ ਚਿਮਨੀਆਂ ਰਾਹੀਂ ਧੂੰਆਂ ਹੀ ਨਹੀਂ ਛੱਡਦੀਆਂ ਆਪਣਾ ਕੈਮੀਕਲ ਯੁਕਤ ਪਾਣੀ ਸ਼ਹਿਰਾਂ ਦੇ ਸੀਵਰੇਜ ਪਾਣੀ 'ਚ ਰਲਾਕੇ ਗੰਦੇ ਪਾਣੀ ਨੂੰ ਹੋਰ ਗੰਦਾ ਕਰ ਰਹੀਆਂ ਹਨ। ਪਿਛਲੇ ਦਿਨੀਂ ਹਮੀਰੇ ਦੀ ਸ਼ਰਾਬ ਫੈਕਟਰੀ 'ਚੋਂ ਨਿਕਲਿਆ ਪ੍ਰਦੂਸ਼ਤ ਪਾਣੀ ਮੱਛੀਆਂ ਅਤੇ ਹੋਰ ਜੀਵਾਂ ਦਾ ਕਾਰਨ ਬਣਿਆ, ਇਸ ਦੀ ਵੱਡੀ ਚਰਚਾ ਵੀ ਹੋਈ। ਚਿੱਟੀ ਬੇਈਂ ਅਤੇ ਬੁੱਢੇ ਨਾਲੇ ਨੂੰ ਸਾਫ਼ ਕਰਨ ਲਈ ਲਹਿਰ ਵਾਂਗਰ ਕੁਝ ਵਾਤਾਵਰਨ ਪ੍ਰੇਮੀਆਂ ਨੇ ਯਤਨ ਵੀ ਕੀਤਾ। ਮੌਜੂਦਾ ਪੰਜਾਬ ਸਰਕਾਰ ਨੇ ਸਟੇਟ ਵਾਟਰ ਅਥਾਰਟੀ ਵੀ ਕਾਇਮ ਕੀਤੀ, ਜਿਸ ਵਲੋਂ ਘਰੇਲੂ, ਖੇਤੀ, ਇੰਡਸਟਰੀ ਅਤੇ ਹੋਰ ਕੰਮਾਂ ਲਈ ਸਾਫ਼-ਸੁਥਰਾ ਪਾਣੀ ਮੁਹੱਈਆ ਕਰਨ ਦੀ ਗੱਲ ਵੀ ਕੀਤੀ ਗਈ ਹੈ ਪਰ ਆਈ.ਟੀ.ਆਈ. ਖੜਗਪੁਰ ਵਲੋਂ ਹੁਣੇ ਪ੍ਰਕਾਸ਼ਿਤ ਹੋਈ ਰਿਪੋਰਟ ਦਿਖਾਉਂਦੀ ਹੈ ਕਿ ਇਸ ਸੰਬੰਧੀ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ ਗਈ।

ਅਸਲ 'ਚ ਧਰਤੀ ਉਪਰਲਾ ਪਾਣੀ ਜਦੋਂ ਧਰਤੀ 'ਚ ਸਿੰਮਦਾ ਹੈ, ਉਹ ਧਰਤੀ ਤੇ ਫੈਲੇ ਦਵਾਈਆਂ ਖਾਦਾਂ ਦੇ ਜ਼ਹਿਰ ਨੂੰ ਵੀ ਆਪਣੇ 'ਚ ਜ਼ਜਬ ਕਰਦਾ ਹੈ। ਜਦੋਂ ਇਹ ਪਾਣੀ ਧਰਤੀ ਹੇਠਲੇ ਪੱਧਰ ਤੱਕ ਪੁੱਜਦਾ ਹੈ ਤਾਂ ਆਪਣੇ ਵਿੱਚ ਉਹ ਸਾਰੇ ਕਣ ਜ਼ਜਬ ਕਰਦਾ ਹੈ, ਜੋ ਧਰਤੀ 'ਚ ਸਿਮਕੇ ਉਸ ਤੱਕ ਪੁੱਜਦੇ ਹਨ। ਜੇਕਰ ਧਰਤੀ ਉਪਰਲਾ ਪਾਣੀ ਗੰਦਲਾ ਹੋਏਗਾ, ਨਿਕੰਮਾ ਹੋਏਗਾ, ਤਾਂ ਧਰਤੀ ਹੇਠਲਾ ਪਾਣੀ ਵੀ ਗੰਦਾ ਹੋਏਗਾ। ਜਿਸ ਨੂੰ ਜਦੋਂ ਅਸੀਂ ਪੰਪਾਂ ਰਾਹੀਂ ਬਾਹਰ ਕੱਢਕੇ ਪੀਂਦੇ ਹਾਂ ਤਾਂ ਇਹ ਸਾਡੀ ਸਿਹਤ ਉੱਤੇ ਬੁਰਾ ਅਸਰ ਕਰਦਾ ਹੈ। ਇਹੋ ਪਾਣੀ ਜਦੋਂ ਖੇਤੀ ਲਈ ਵਰਤਦੇ ਹਾਂ ਤਾਂ ਇਹ ਘੁੰਮਦਾ ਘੁੰਮਾਉਂਦਾ- ਪੌਦਿਆਂ, ਜਾਨਵਰਾਂ, ਮਨੁੱਖਾਂ ਦੀ ਸਿਹਤ ਲਈ ਹਾਨੀਕਾਰਕ ਬਣਦਾ ਹੈ। ਪੰਜਾਬ ਦੇ ਹਰੇ ਇਨਕਲਾਬ ਨੇ ਪੰਜਾਬ 'ਚ ਪਾਣੀ ਦੀ ਵੱਧ ਜ਼ਰੂਰਤ ਪੈਦਾ ਕੀਤੀ ਅਤੇ ਧਰਤੀ ਹੇਠਲਾ ਵੱਧ ਪਾਣੀ ਸਿੰਚਾਈ ਲਈ ਵਰਤਿਆਂ।


ਕਦੇ ਪੰਜਾਬ 'ਚ ਛੱਪੜਾਂ ਦਾ ਪਾਣੀ ਪੀਣ ਲਈ ਵਰਤਿਆ ਜਾਂਦਾ ਸੀ, ਨਹਿਰਾਂ ਦਾ ਪਾਣੀ ਵੀ ਸਾਫ ਸੁਥਰਾ ਹੁੰਦਾ ਸੀ। ਹੁਣ ਨਾ ਪਿੰਡਾਂ ਦੇ ਛੱਪੜ ਗੰਦਗੀ ਤੋਂ ਬਚੇ ਹਨ, ਨਾ ਨਹਿਰਾਂ, ਨਾ ਪਿੰਡਾਂ ਦੇ ਲਗਲੀਆਂ ਝੀਲਾਂ ਪ੍ਰਦੂਸ਼ਣ ਤੋਂ ਬਚੀਆਂ ਹਨ ਅਤੇ ਨਾ ਹੀ ਸ਼ਹਿਰਾਂ ਦੇ ਨਜ਼ਦੀਕ ਵਗਦੇ ਨਾਲੇ-ਖਾਲੇ। ਹੁਣ ਤਾਂ ਪਹਾੜਾਂ ਦੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰਨ ਤੋਂ ਮਨੁੱਖ ਨੇ ਗੁਰੇਜ਼ ਨਹੀਂ ਕੀਤਾ ਭਾਵ ਪਾਣੀ ਦੇ ਪ੍ਰਦੂਸ਼ਣ ਨਾਲ ਉਸ ਖਿੱਤੇ 'ਚ ਵਗਦੇ ਦਰਿਆ, ਝੀਲਾਂ, ਪ੍ਰਦੂਸ਼ਤ ਹੁੰਦੇ ਹਨ ਅਤੇ ਦੇਸ਼ ਭਾਰਤ ਦੇ 25 ਕਰੋੜ ਲੋਕ ਪ੍ਰਦੂਸ਼ਤ ਪਾਣੀ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਦੇ ਵੱਡੀ ਗਿਣਤੀ ਲੋਕ ਵੀ ਪ੍ਰਦੂਸ਼ਤ ਪਾਣੀ ਦੀ ਮਾਰ ਹੇਠ ਆਏ ਹਨ। ਪਾਣੀ ਦਾ ਪ੍ਰਦੂਸ਼ਣ ਇਕੱਲਿਆਂ ਮਨੁੱਖੀ ਜੀਵਨ ਨੂੰ ਹੀ ਪ੍ਰਵਾਵਿਤ ਨਹੀਂ ਕਰਦਾ ਸਗੋਂ ਧਰਤੀ ਨੂੰ ਵੀ ਜ਼ਹਿਰੀ ਬਣਾਉਂਦਾ ਹੈ, ਪੌਦਿਆਂ ਨੂੰ ਮਾਰਦਾ ਹੈ, ਪਸ਼ੂਆਂ ਪੰਛੀਆਂ ਦੇ ਜੀਵਨ ਲਈ ਘਾਤਕ ਬਣਦਾ ਹੈ। ਇਸੇ ਕਰਕੇ ਪ੍ਰਦੂਸ਼ਤ ਪਾਣੀ ਕਾਰਨ ਪੰਜਾਬ ਦਾ ਖੇਤ-ਖਿਲਵਾੜ, ਪਸ਼ੂ ਪੰਛੀ ਵੀ ਉਨੇ ਹੀ ਪ੍ਰਭਾਵਿਤ ਹੋਏ ਜਿੰਨਾ ਪੰਜਾਬ ਦਾ ਮਨੁੱਖ।

ਇਸ ਵਾਯੂਮੰਡਲ ਵਿੱਚ ਧਰਤੀ ਉਤੇ ਜੇਕਰ ਸਭ ਤੋਂ ਵੱਧ ਕੀਮਤੀ ਚੀਜ਼ ਹੈ ਤਾਂ ਉਹ ਪਾਣੀ ਹੈ। ਧਰਤੀ ਦਾ ਦੋ ਤਿਹਾਈ ਹਿੱਸਾ ਪਾਣੀ ਨਾਲ ਘਿਰਿਆ ਪਿਆ ਹੈ। ਸਮੁੰਦਰਾਂ, ਨਦੀਆਂ, ਝੀਲਾਂ ਦੇ ਬੇਅੰਤ ਪਾਣੀ ਵਿੱਚੋਂ ਮਨੁੱਖੀ ਵਰਤੋਂ ਲਈ 0.3 ਹਿੱਸਾ ਉਪਲੱਬਧ ਹੈ। ਇਸ ਉਪਲੱਬਧ ਪਾਣੀ ਨੂੰ ਸ਼ਹਿਰੀਕਰਨ, ਜੰਗਲਾਂ ਦੇ ਵੱਢ-ਵਢਾਂਗੇ, ਉਦਯੋਗਿਕ ਰਹਿੰਦ-ਖੂੰਹਦ, ਸਮਾਜੀ ਅਤੇ ਧਾਰਮਿਕ ਰਹੁਰੀਤਾਂ, ਖਾਦਾਂ ਕੀਟਨਾਸ਼ਕਾਂ, ਡਿਟਰਜਿੰਟ ਪਾਊਡਰ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਲਗਭਗ 6 ਬਿਲੀਅਨ ਕਿਲੋਗ੍ਰਾਮ ਕੂੜਾ ਕਰਕਟ (ਪਲਾਸਟਿਕ, ਇਲੈਕਟ੍ਰੋਨਿਕ ਆਈਟਮਾਂ ਆਦਿ) ਹਰ ਵਰ੍ਹੇ ਸਮੁੰਦਰ ਦੀ ਭੇਟ ਚੜ੍ਹਾਇਆ ਜਾ ਰਿਹਾ ਹੈ ਜਿਸ ਨਾਲ ਸਮੁੰਦਰ ਵਿਚਲੇ ਜੀਵਾਂ ਦਾ ਕਈ ਹਾਲਾਤਾਂ ਵਿੱਚ ਸਰਵਨਾਸ਼ ਵੇਖਣ ਨੂੰ ਮਿਲ ਰਿਹਾ ਹੈ। ਇਥੇ ਹੀ ਬਸ ਨਹੀਂ ਭੈੜੇ ਪਾਣੀ ਦੀ ਉਪਜ ਮੱਛੀਆਂ ਅਤੇ ਹੋਰ ਕੀੜੇ-ਮਕੌੜੇ ਜਿਹੜੇ ਮਨੁੱਖਾਂ ਦਾ ਭੋਜਨ ਵੀ ਬਣਦੇ ਹਨ, ਉਹ ਵੀ ਮਨੁੱਖੀ ਸਿਹਤ ਦਾ ਘਾਣ ਕਰਦੇ ਹਨ।

ਪੰਜਾਬ ਦੀ ਖੁਸ਼ਹਾਲੀ ਅਤੇ ਚੰਗੇ ਜੀਵਨ ਜੀਊਣ ਦੇ ਮੁਕਾਬਲੇ ਨੇ ਆਪਣੀ ਰਿਵਾਇਤੀ ਖ਼ੁਰਾਕ ਛੱਡਕੇ ਬਜ਼ਾਰੂ ਖ਼ੁਰਾਕ ਵੱਲ ਵੱਧ ਧਿਆਨ ਦਿੱਤਾ ਹੈ, ਇਸ ਮਿਲਾਵਟੀ ਭੋਜਨ ਕਾਰਨ ਪੰਜਾਬੀਆਂ ਦੇ ਸੁਡੋਲ ਜੁੱਸੇ ਨਕਾਰਾ ਹੁੰਦੇ ਜਾ ਰਹੇ ਹਨ, ਜਿਹੜੇ ਇਸ ਖਿੱਤੇ 'ਚ ਵੱਸਦੇ ਲੋਕਾਂ ਲਈ ਖ਼ਤਰੇ ਦੀ ਘੰਟੀ ਹਨ ਅਤੇ ਕਿਸੇ ਸਮੇਂ ਪੰਜਾਬ ਦਾ ਇਹ ਜ਼ਹਿਰੀਲਾ ਪਾਣੀ ਪੰਜਾਬੀਆਂ ਦੀ ਸਿਹਤ ਦੀ ਬਰਬਾਦੀ ਅਤੇ ਪੰਜਾਬ ਦੇ ਖਿੱਤੇ 'ਚੋਂ ਲੋਕਾਂ ਦੇ ਉਜਾੜੇ ਦਾ ਕਾਰਨ ਬਣੇਗਾ।

# ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫਲੇ 'ਤੇ ਕਹਿਰੀ ਹਮਲਾ

**ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ ਐਵਾਰਡੀ)**



ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ ਹੈ ਜਾਂ ਇਸ ਕੌਮ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਹੈ ਉਹ ਇਸ ਤੱਥ ਤੋਂ ਬਾਖ਼ੂਬੀ ਵਾਕਿਫ਼ ਹੋਵੇਗਾ ਕਿ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਤੇ ਤਬਾਹੀ ਦੇ ਤੂਫ਼ਾਨ ਸਿੱਖਾਂ ਨੇ ਆਪਣੇ 'ਨੰਗੇ ਪਿੰਡੇ' 'ਤੇ ਹੰਢਾਏ ਹਨ, ਉਹ ਆਪਣੀ ਮਿਸਾਲ ਆਪ ਹਨ। ਹੈਰਾਨੀ ਦੀ ਗੱਲ ਹੈ ਕਿ ਤਬਾਹੀ ਮਚਾਉਂਦੇ 'ਝੱਖੜਾਂ ਤੇ ਤੂਫ਼ਾਨਾਂ' ਦੇ ਲੰਘ ਜਾਣ ਤੋਂ ਬਾਅਦ ਸਿੱਖ ਜਲਦੀ ਹੀ ਆਪਣੇ ਆਪ ਨੂੰ ਮੁੜ ਜਥੇਬੰਦ ਕਰ ਲੈਂਦੇ ਹਨ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ ਅਤੇ ਫਿਰ ਕਿਸੇ ਹੋਰ ਤੂਫ਼ਾਨ ਨੂੰ 'ਹਵਾਵਾਂ ਹੱਥ ਸੁਨੇਹੇ' ਭੇਜਣ ਲਗਦੇ ਹਨ। ਬਕੌਲ ਸ਼ਾਇਰ :

**ਲੋ ਹਮ ਨੇ ਬਨਾ ਲੀਆ ਹੈ ਨਯਾ ਫਿਰ ਸੇ ਆਸ਼ੀਆਂ !**
**ਯੇ ਬਾਤ ਜਾ ਕੇ ਫਿਰ ਕਿਸੀ ਤੂਫ਼ਾਨ ਸੇ ਕਹੋ !!**

ਦੂਜੀ ਗੱਲ ਇਹ ਹੈ ਕਿ ਤਸੀਹੇ ਤੇ ਤਬਾਹੀ ਦੇ ਤੂਫ਼ਾਨਾਂ ਵਿਚੋਂ ਗੁਜ਼ਰਦਿਆਂ, ਸਿੱਖ ਦਰਿਆ ਵਾਂਗੂੰ ਆਪਣਾ ਰਸਤਾ ਆਪ ਬਣਾਉਣਾ ਜਾਣਦੇ ਹਨ। ਸਿੱਖਾਂ ਨੂੰ ਆਪਣਾ ਇਹ ਹੁਨਰ ਮਾਲੂਮ ਹੈ। ਤਾਹੀਉਂ ਤਾਂ ਉਹ ਦਾਅਵਾ ਕਰਦੇ ਹਨ ਕਿ :

**ਹਮ ਭੀ ਦਰਿਆ ਹੈਂ, ਹਮੇਂ ਅਪਨਾ ਹੁਨਰ ਮਾਲੂਮ ਹੈ,**
**ਜਿਧਰ ਭੀ ਚਲ ਪੜੇਂਗੇ, ਰਸਤਾ ਹੋ ਜਾਏਗਾ।**

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ 'ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨ੍ਹੇਰੀਆਂ ਦੇ ਝਾਂਜੇ ਵਗੇ, ਕਹਿਰ ਬਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਖ਼ੂਨ ਦੀ ਹੋਲੀ ਖੇਡੀ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਪਿੰਡਾ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ। ਗੱਲ ਕੀ, ਸਿੱਖਾਂ ਨੇ ਹਰ ਹਾਲ ਆਪਣੀ ਹਸਤੀ ਨੂੰ ਬਰਕਰਾਰ ਰੱਖਿਆ। ਡਾ. ਇਕਬਾਲ ਦਾ ਨਿਮਨ ਦਰਜ ਸ਼ਿਅਰ ਇਸ ਤਵਾਰੀਖੀ ਸੱਚਾਈ ਨੂੰ ਬਿਆਨ ਕਰਨ ਲਈ ਖ਼ੂਬ ਰਹੇਗਾ :

**ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,**
**ਸਦੀਓਂ ਰਹਾ ਹੈ ਦੁਸ਼ਮਨ, ਦੌਰੇ ਜ਼ਮਾਂ ਹਮਾਰਾ।**

ਉਂਝ ਤਾਂ ਲਹੂ ਨਾਲ ਲਥਪਥ ਸਿੱਖ ਇਤਿਹਾਸ ਆਪਣੀ ਬੁੱਕਲ ਵਿਚ ਅਜਿਹੀਆਂ ਬੇਮਿਸਾਲ ਗਾਥਾਵਾਂ, ਘਟਨਾਵਾਂ ਤੇ ਸ਼ਹੀਦੀ ਸਾਕਿਆਂ ਨੂੰ ਸਮੇਟੀ ਬੈਠਾ ਹੈ, ਜਿਨ੍ਹਾਂ ਨੂੰ ਪੜ੍ਹਨ ਤੇ ਸੁਣਨ ਵਾਲਾ ਵਿਅਕਤੀ ਆਪ-ਮੁਹਾਰੇ ਅਸ਼-ਅਸ਼ ਕਰ ਉੱਠਦਾ ਹੈ, ਪਰ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਸਿੱਖਾਂ ਉੱਪਰ ਇਕ ਕੌਮ ਦੇ ਰੂਪ ਵਿਚ ਢਾਹੇ ਗਏ ਹਨ, ਉਨ੍ਹਾਂ ਵਿਚ ਵੱਡੇ ਘੱਲੂਘਾਰੇ ਦਾ ਉੱਭਰਵਾਂ ਸਥਾਨ ਹੈ। ਉਂਝ ਵੀ ਇਹ ਘਟਨਾ ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦੀ ਹੈ। ਇਸ ਘਟਨਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ। ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਸਿੱਖ ਰਾਜ ਦੀ ਕਾਇਮੀ ਲਈ ਰਾਹ ਮੋਕਲਾ ਕੀਤਾ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ 'ਤੇ ਲਗਪਗ ਦਸ ਹਮਲੇ ਕੀਤੇ। ਲੁੱਟਮਾਰ ਦਾ ਮਾਲ ਲੈ ਕੇ ਜਦੋਂ ਅਬਦਾਲੀ ਦੀ ਮੁੜਦੀ ਫ਼ੌਜ ਪੰਜਾਬ ਵਿਚੋਂ ਦੀ ਗੁਜ਼ਰਦੀ ਤਾਂ ਸਿੱਖ ਕਈ ਪਾਸਿਆਂ ਤੋਂ ਛਾਪੇ ਮਾਰ ਕੇ ਉਸ ਦੇ ਲੁੱਟ ਦੇ ਮਾਲ ਦਾ ਭਾਰ ਹੌਲਾ ਕਰ ਦਿੰਦੇ ਅਤੇ ਕੈਦੀ ਲੜਕੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾ ਦਿੰਦੇ। ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਹਰ ਵੇਰ ਨਮੋਸ਼ੀ ਦਾ ਮੂੰਹ ਵੇਖਣਾ ਪੈਂਦਾ ਸੀ। ਆਖ਼ਿਰ, ਉਸ ਨੇ ਸਿੱਖਾਂ ਨਾਲ ਉਚੇਚੇ ਤੌਰ 'ਤੇ ਸਿੱਝਣ ਦਾ ਮਨ ਬਣਾ ਲਿਆ। ਉਸ ਨੇ ਜੋ ਹਮਲਾ 1762 ਈ. ਵਿਚ ਕੀਤਾ ਉਸ ਦਾ ਮੁੱਖ ਉਦੇਸ਼ ਸਿੱਖਾਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਸੀ ਅਬਦਾਲੀ ਦੇ ਇਸ ਸਿੱਖ ਵਿਰੋਧੀ ਹਮਲੇ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਉਸ ਦਾ ਛੇਵਾਂ ਹਮਲਾ ਸੀ। ਇਤਫ਼ਾਕਵੱਸ, ਇਹ ਅਠ੍ਹਾਰਵੀਂ ਸਦੀ ਦਾ ਉਹ ਕਾਲਾ ਦੌਰ ਸੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।

ਇਸ ਵੇਰ ਅਬਦਾਲੀ, ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਯੋਜਨਾ ਬਣਾ ਕੇ 18,000 ਬਲੋਚ ਧਾੜਵੀਆਂ ਨਾਲ ਨਮਾਜ਼ ਅਦਾ ਕਰਕੇ ਤੁਰਿਆ ਸੀ। ਅਬਦਾਲੀ ਦੇ ਇਸ ਭਰਮਪੂਰਣ ਪ੍ਰਚਾਰ ਕਿ ਕਾਫ਼ਰਾਂ ਨੂੰ ਤੈਅ ਤੇਗ਼ ਕਰਨਾ ਮੱਕਾ ਸ਼ਰੀਫ਼ ਦੀ ਜ਼ਿਆਰਤ ਦੇ ਬਰਾਬਰ ਹੈ, ਤੋਂ ਪ੍ਰਭਾਵਤ ਹੋ ਕੇ ਕੁਝ ਹੋਰ ਸੈਨਿਕ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। ਇਸ ਤਰ੍ਹਾਂ 22,000 ਭੂਸਰੇ ਹੋਏ ਸੈਨਿਕਾਂ ਨਾਲ ਅਬਦਾਲੀ, ਜਨਵਰੀ 1762 ਈ. ਨੂੰ ਰਹੁਤਾਸ ਰਾਹੀਂ ਭਾਰਤ ਵਿਚ ਦਾਖ਼ਲ ਹੋਇਆ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਬਦਾਲੀ ਅਤੇ ਉਸਦੇ ਸੈਨਿਕਾਂ ਦੇ ਹੌਂਸਲੇ ਬੁਲੰਦ ਸਨ, ਕਿਉਂਕਿ ਅਜੇ ਪਿਛਲੇ ਸਾਲ ਹੀ 14 ਜਨਵਰੀ, 1761 ਈ. ਨੂੰ ਪਾਣੀਪਤ ਦੀ ਤੀਜੀ

ਲੜਾਈ ਵਿਚ ਅਬਦਾਲੀ ਨੇ ਬਹਾਦਰ ਮਰਹਟਿਆਂ ਨੂੰ ਲੱਕ-ਤੋੜਵੀਂ ਸ਼ਿਕਸਤ ਦਿੱਤੀ ਸੀ।

ਲਾਹੌਰ 'ਤੇ ਕਬਜ਼ਾ ਕਰਨ ਉਪਰੰਤ ਅਬਦਾਲੀ ਨੇ ਸਿੱਖਾਂ ਨਲ ਟੱਕਰ ਲੈਣ ਲਈ ਲੁਧਿਆਣਾ ਵੱਲ ਕੂਚ ਕੀਤਾ। 4 ਫਰਵਰੀ, 1762 ਈ. ਨੂੰ ਉਹ ਲੁਧਿਆਣਾ ਪਹੁੰਚਿਆ ਅਤੇ 5 ਫਰਵਰੀ ਨੂੰ ਪਿੰਡ ਕੁੱਪ ਵਿਖੇ। ਪਿੰਡ ਕੁੱਪ, ਲੁਧਿਆਣਾ-ਧੂਰੀ ਰੇਲਵੇ ਲਾਈਨ 'ਤੇ ਮੰਡੀ ਅਹਿਮਦਗੜ੍ਹ ਤੇ ਮਾਲੇਰਕੋਟਲਾ ਸਟੇਸ਼ਨਾਂ ਵਿਚਕਾਰ ਸਥਿਤ ਹੈ। ਇਸ ਤਰ੍ਹਾਂ ਅਬਦਾਲੀ ਦੀਆਂ ਫ਼ੌਜਾਂ ਨੇ ਮਾਲੇਰਕੋਟਲਾ ਤੋਂ ਪੂਰਬ ਵੱਲ ਛੇ ਮੀਲ ਦੀ ਦੂਰੀ 'ਤੇ ਪਿੰਡ ਕੁੱਪ (ਕੁੱਪ-ਰਹੀੜਾ) ਲਾਗੇ ਸਿੱਖਾਂ ਨੂੰ ਘੇਰ ਲਿਆ। ਕੁਝ ਸਮੇਂ ਬਾਅਦ ਸਰਹਿੰਦ ਦਾ ਸੂਬੇਦਾਰ ਜ਼ੈਨ ਖ਼ਾਂ ਵੀ ਅਬਦਾਲੀ ਦੀ ਮਦਦ ਲਈ ਉੱਥੇ ਆ ਪਹੁੰਚਿਆ। ਕੁਝ ਹੋਰ ਸਥਾਨਕ ਮੁਗ਼ਲ ਨਵਾਬਾਂ ਨੇ ਵੀ ਅਹਿਮਦ ਸ਼ਾਹ ਅਬਦਾਲੀ ਦੀ ਮੱਦਦ ਕੀਤੀ।

ਸਿੱਖ ਉਸ ਵੇਲੇ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਸਮੇਤ ਵਹੀਰ ਦੀ ਸ਼ਕਲ ਵਿਚ ਕਿਸੇ ਸੁਰੱਖਿਅਤ ਥਾਂ ਵੱਲ ਸਫ਼ਰ ਕਰ ਰਹੇ ਸਨ। ਇਕ ਅੰਦਾਜ਼ੇ ਅਨੁਸਾਰ ਉਸ ਵੇਲੇ ਸਿੱਖਾਂ ਦੀ ਸੰਖਿਆ, ਇਸਤਰੀਆਂ ਤੇ ਬੱਚਿਆਂ ਸਮੇਤ ਲਗਪਗ 50,000 ਸੀ। ਦਰਅਸਲ, ਸਿੱਖ ਉਸ ਸਮੇਂ ਕੁੱਪ ਵਿਖੇ ਡੇਰਾ ਲਾਈ ਬੈਠੇ ਸਨ ਅਤੇ ਉਹ ਲੜਾਈ ਲਈ ਤਿਆਰ ਨਹੀਂ ਸਨ, ਸਿੱਖਾਂ ਕੋਲ ਤਾਂ ਉਸ ਸਮੇਂ ਪੂਰੇ ਹਥਿਆਰ ਵੀ ਨਹੀਂ ਸਨ।

ਸਿੱਖਾਂ ਦਾ ਅੰਦਾਜ਼ਾ ਸੀ ਕਿ ਅਬਦਾਲੀ ਉਨ੍ਹਾਂ ਤੱਕ 6 ਜਾਂ 7 ਫਰਵਰੀ ਤੋਂ ਪਹਿਲਾਂ ਨਹੀਂ ਪਹੁੰਚ ਸਕੇਗਾ। ਪਰ ਅਬਦਾਲੀ ਨੇ ਲਗਪਗ 150 ਮੀਲਾਂ ਦਾ ਸਫ਼ਰ ਦੋ ਦਿਨਾਂ ਵਿਚ ਮੁਕਾ ਕੇ ਸਿੱਖਾਂ ਨੂੰ 'ਹੱਥਾਂ ਪੈਰਾਂ ਦੀ ਪਾ ਦਿੱਤੀ' ਸੀ (ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਬਦਾਲੀ ਨੇ ਇਹ ਸਫ਼ਰ ਕੇਵਲ 36 ਘੰਟਿਆਂ ਵਿਚ ਤੈਅ ਕੀਤਾ)। ਜ਼ਾਹਿਰ ਹੈ, ਅਬਦਾਲੀ ਨੇ ਇਹ ਕਹਿਰੀ ਹਮਲਾ ਬਹੁਤ ਗੁਪਤ ਅਤੇ ਫ਼ੁਰਤੀ ਨਾਲ ਕੀਤਾ। ਹਾਲਾਤ ਸਿੱਖਾਂ ਦੇ ਹੱਕ ਵਿਚ ਨਾ ਹੋਣ ਦੇ ਬਾਵਜੂਦ ਦਲ ਖ਼ਾਲਸਾ ਨੇ ਡਟ ਕੇ ਮੁਕਾਬਲਾ ਕੀਤਾ। (ਸੰਨ 1748 ਈ. ਵਿਚ ਸਿੱਖਾਂ ਦੀ ਸਮੁੱਚੀ ਸੈਨਾ ਦਾ ਸੰਗਠਨ ਹੋ ਗਿਆ ਸੀ, ਜਿਸ ਨੂੰ 'ਦਲ ਖ਼ਾਲਸਾ' ਕਿਹਾ ਜਾਂਦਾ ਸੀ।)

5 ਫਰਵਰੀ, 1762 ਈ. ਨੂੰ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਪਿੰਡ ਕੁੱਪ ਲਾਗੇ ਸਿੱਖ ਵਹੀਰ ਨੂੰ ਘੇਰ ਲਿਆ ਅਤੇ ਸਿੱਖਾਂ 'ਤੇ ਜੋ ਕਹਿਰ ਵਾਪਰਿਆ ਉਸ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਭਿਆਨਕ ਸਥਿਤੀ ਵਿਚ ਦਲ ਖ਼ਾਲਸਾ ਦੀ ਕਮਾਂਡ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ), ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਸਿਆਮ ਸਿੰਘ ਆਦਿ ਵਰਗੇ ਮਹਾਨ ਜਰਨੈਲ ਕਰ ਰਹੇ ਸਨ। ਰਿਆਸਤ ਪਟਿਆਲਾ ਦੇ ਬਾਨੀ ਬਾਬਾ ਆਲਾ ਸਿੰਘ ਨੇ ਵੀ ਇਸ ਯੁੱਧ ਵਿਚ ਸਿੱਖਾਂ ਦੀ ਸਹਾਇਤਾ ਕੀਤੀ।

ਬੇਸ਼ੱਕ ਇਸ ਯੁੱਧ ਵਿਚ ਸਿੱਖਾਂ ਦਾ ਬੜਾ ਭਾਰੀ ਜਾਨੀ ਨੁਕਸਾਨ ਹੋਇਆ ਪਰ ਉਨ੍ਹਾਂ ਨੇ ਵੈਰੀਆਂ ਦੇ ਕਹਿਰੀ ਹਮਲਿਆਂ ਦਾ ਅਨੋਖੀ ਬਹਾਦਰੀ, ਦਲੇਰੀ ਅਤੇ ਹੌਂਸਲੇ ਨਾਲ ਮੁਕਾਬਲਾ ਕੀਤਾ, ਇੱਥੋਂ ਤੱਕ ਕਿ ਸਰਹਿੰਦ ਦੇ ਸੂਬੇਦਾਰ ਜ਼ੈਨ ਖ਼ਾਂ ਦੀ ਇਕ ਫ਼ੌਜੀ ਟੁਕੜੀ, ਜੋ ਸਿੱਖਾਂ ਨੂੰ ਮੂਹਰਿਉਂ ਘੇਰ ਰਹੀ ਸੀ, ਨੂੰ ਹਰਾ ਕੇ ਮਾਲੇਰਕੋਟਲਾ ਵੱਲ ਭਜਾ ਦਿੱਤਾ। ਸਿੱਖਾਂ ਦੀ ਅਦੁੱਤੀ ਤੇ ਬੇਮਿਸਾਲ ਬਹਾਦਰੀ ਦਾ ਜ਼ਿਕਰ ਕਰਦਿਆਂ ਡਾ. ਹਰੀ ਰਾਮ ਗੁਪਤਾ ਆਪਣੀ ਪੁਸਤਕ, 'ਏ ਹਿਸਟਰੀ ਆਫ਼ ਦੀ ਸਿੱਖਸ', 'ਭਾਗ 1, ਪੰਨਾ 172 ਉੱਤੇ ਲਿਖਦਾ ਹੈ, NOTHING COULD SURPASS THE HEROIC DARING, THE DOGGED TENACITY AND INVINCIBLE FORTITUDE OF THE SIKHS WHO HELD THEMSELVES WITH THEIR EXPOSED FLANKS AND OPEN REAR.

ਸਿੱਖਾਂ ਦੇ ਜਾਨੀ ਨੁਕਸਾਨ ਬਾਰੇ ਡਾ. ਐਨ.ਕੇ. ਸਿਨਹਾ ਅਤੇ ਡਾ. ਐੱਚ.ਆਰ. ਗੁਪਤਾ ਦਾ ਮਤ ਹੈ ਕਿ ਇਸ ਯੁੱਧ ਵਿਚ ਵੀਰਗਤੀ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਗਿਣਤੀ ਤਕਰੀਬਨ 12,000 ਸੀ, ਜਦੋਂ ਕਿ ਸਿੱਖ ਪੰਥ ਦੇ ਮਹਾਨ ਵਿਦਵਾਨ ਰਤਨ ਸਿੰਘ ਭੰਗੂ ਅਨੁਸਾਰ ਇਹ ਗਿਣਤੀ 30,000 ਸੀ। ਪਰ ਇਸ ਸਭ ਕਾਸੇ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿਚ ਰਹੇ ਅਤੇ ਉਨ੍ਹਾਂ ਨੇ ਅਬਦਾਲੀ ਦੀ ਪੇਸ਼ ਨਾ ਜਾਣ ਦਿੱਤੀ। ਅੰਤ, ਸਿੱਖਾਂ ਦੇ ਹੌਂਸਲੇ ਤੋਂ ਭੈਅ-ਭੀਤ ਹੋ ਕੇ ਉਹ, ਰਾਤ ਦੇ ਹਨ੍ਹੇਰੇ ਤੋਂ ਲਾਭ ਉਠਾਉਂਦਿਆਂ, ਪਹਿਲਾਂ ਲਾਹੌਰ ਚਲਿਆ ਗਿਆ ਅਤੇ ਫਿਰ ਅਫ਼ਗਾਨਿਸਤਾਨ ਦਾ ਰਾਹ ਫੜਿਆ। ਚੇਤੇ ਰਹੇ! ਬਾਅਦ ਵਿਚ ਉਸ ਨੇ ਜੋ ਹਮਲੇ ਕੀਤੇ ਉਹ ਉਸ ਦੀ ਕਮਜ਼ੋਰੀ ਦਾ ਢੰਡੋਰਾ ਸਨ, ਸ਼ਕਤੀ ਦਾ ਨਗਾਰਾ ਨਹੀਂ।


ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਵੱਡੇ ਘੱਲੂਘਾਰੇ ਵਰਗੇ ਕਹਿਰੀ ਤੂਫ਼ਾਨ ਦੇ ਲੰਘ ਜਾਣ ਤੋਂ ਬਾਅਦ ਸਿੱਖਾਂ ਨੇ ਅਗਲੇ ਵਰ੍ਹੇ ਹੀ ਸੰਨ 1763 ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਰਹਿੰਦ 'ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਵੱਡੇ ਘੱਲੂਘਾਰੇ ਵੇਲੇ ਅਬਦਾਲੀ ਦਾ ਸਾਥ ਦੇਣ ਵਾਲੇ ਜ਼ੈਨ ਖ਼ਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਗੱਲ ਫਿਰ ਉਥੇ ਆ ਕੇ ਹੀ ਮੁੱਕਦੀ ਹੈ ਕਿ "ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ...।" ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਇਸ ਦੇ ਨਾਲ ਹੀ ਸਿੱਖ ਉਸ ਸ਼ਾਹ ਰਾਹ 'ਤੇ ਹੋ ਤੁਰੇ, ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਸਾਕਾ ਸ੍ਰੀ ਨਨਕਾਣਾ ਸਾਹਿਬ

**ਪਾਂਧੀ ਨਨਕਾਣਵੀ**



ਸਾਕਾ ਸ੍ਰੀ ਨਨਕਾਣਾ ਸਾਹਿਬ ਫਰਵਰੀ, ੧੯੨੧ ਈ. ਨੂੰ ਗੁਰਦੁਆਰਾ ਜਨਮ ਅਸਥਾਨ ਅੰਦਰ ਵਾਪਰਿਆ। ਭਾਈ ਲਛਮਣ ਸਿੰਘ 'ਧਾਰੋਵਾਲੀ' ਕੋਈ ਦੋ ਕੁ ਸੌ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਪੁੱਜਿਆ। ਇਸ ਦਾ ਮੁੱਖ ਕਾਰਨ ਗੁਰਦੁਆਰਾ ਜਨਮ ਅਸਥਾਨ ਨੂੰ ਬਦਮਾਸ਼ ਤੇ ਅਯਾਸ਼ ਮਹੰਤ ਦੇ ਕਬਜ਼ੇ 'ਚੋਂ ਛੁਡਵਾਉਣਾ ਅਤੇ ਗੁਰਦੁਆਰਾ ਸਾਹਿਬ ਪਵਿੱਤਰਤਾ ਨੂੰ ਬਹਾਲ ਕਰਨਾ ਸੀ। ਪਰੰਤੂ ਮਹੰਤ ਨਰਾਇਣ ਦਾਸ ਨੇ ਮਿਸਟਰ ਕਰੀ, (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ ਲਾਹੌਰ ਡਿਵੀਜ਼ਨ) ਦੀ ਸ਼ਹਿ 'ਤੇ, ਜਨਮ-ਅਸਥਾਨ ਅੰਦਰ ਪੁੱਜੇ ਗੁਰਸਿੱਖਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਤੇ ਕੁਝ ਸਮੇਂ ਵਿਚ ਹੀ ਪਵਿੱਤਰ ਜਨਮ-ਅਸਥਾਨ ਦੀ ਧਰਤੀ ਨੂੰ ਕਰਬਲਾ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੀਨਾ ਵੀ ਗੋਲੀਆਂ ਨਾਲ ਛਲਣੀ-ਛਲਣੀ ਕੀਤਾ ਗਿਆ ਅਤੇ ਜਥੇ ਦੇ ਜਥੇਦਾਰ, ਭਾਈ ਲਛਮਣ ਸਿੰਘ ਨੂੰ, ਦਰਬਾਰ ਸਾਹਿਬ ਦੇ ਪਿਛਵਾੜੇ ਜੰਡ ਦੇ ਦਰਖ਼ਤ ਨਾਲ ਟੰਗ ਕੇ ਤੇ ਤੇਲ ਪਾ ਕੇ ਜਿਊਂਦਾ ਹੀ ਸਾੜ ਦਿੱਤਾ। ਮਹੰਤ ਨਰਾਇਣ ਦਾਸ ਦੇ ਜ਼ਰਖ਼ਰੀਦ ਬਦਮਾਸ਼ਾਂ ਤੇ ਪਠਾਣਾਂ ਨੇ ਨਿਹੱਥੇ ਅਤੇ 'ਅਰਦਾਸ' ਵਿਚ ਕੀਤੇ ਪ੍ਰਣ ਨਾਲ ਬੱਝੇ ਸੂਰਬੀਰ, ਤੇ ਨੌਜਵਾਨ ਸਿੰਘਾਂ ਦੇ ਜੀਅ-ਭਰ ਕੇ ਮੋਛੇ ਲਾਹੇ, ਤੇ ਵੱਡੇ ਵੱਡੇ ਭੱਠ ਬਾਲ ਕੇ, ਉਹਨਾਂ ਦੀਆਂ ਦੇਹਾਂ ਦੇ ਅੰਗਾਂ ਨੂੰ ਸਾੜ ਕੇ ਇਸ 'ਕਤਲੇ-ਆਮ' ਦਾ ਨਾਮੋ ਨਿਸ਼ਾਨ ਮਿਟਾਉਣ ਦੇ ਅਸਫਲ ਯਤਨ ਕੀਤੇ।

ਸਮੁੱਚੇ ਦੇਸ਼, ਵਿਸ਼ੇਸ਼ ਕਰਕੇ ਸਿੱਖ ਜਗਤ ਵਿਚ ਹਾ-ਹਾ ਕਾਰ ਮੱਚ ਗਈ ਤੇ ਕਈ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। ਸਪੱਸ਼ਟ ਸੀ ਕਿ ਇਤਨਾ ਕਹਿਰ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ, ਇਸ ਵਿਚ ਅੰਗਰੇਜ਼ ਹਾਕਮਾਂ ਦੀ ਮਿਲੀ-ਭੁਗਤ ਕੰਮ ਕਰਦੀ ਸੀ। ਪਹਿਲਾਂ ਹਾਕਮਾਂ ਨੇ ਗੁਰਦੁਆਰਾ ਜਨਮ-ਅਸਥਾਨ ਫੌਜ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ 'ਝੱਬਰ' ਦੇ ਲਲਕਾਰਨ ਉਪਰੰਤ ਸਿੱਖ-ਪੰਥ ਦੇ ਹਵਾਲੇ ਕਰ ਦਿੱਤੀਆਂ। ੨੦ ਫਰਵਰੀ ਦੀ ਰਾਤ ਨੂੰ ਹੀ ਸਿੱਖਾਂ ਵਰਗੀ ਸਿੱਧੜ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣੇ ਚਹੇਤੇ ਮਹੰਤ, ਹਰੀ ਨਾਥ ਸਾਧ ਤੇ ੨੬ ਪਠਾਣਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਗਿਆ ਤਾਂ ਜੋ ਸਿੱਖ-ਹਿਰਦਿਆਂ ਨੂੰ ਸ਼ਾਂਤ ਕੀਤਾ ਜਾ ਸਕੇ। ਦੇਸ਼ ਭਰ ਦੇ ਪ੍ਰਮੁੱਖ ਹਿੰਦੂ ਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਅੰਗਰੇਜ਼ ਰਾਜ ਦੇ ਬਖ਼ੀਏ ਉਧੇੜੇ ਅਤੇ ਮੰਗ ਕੀਤੀ ਕਿ ਮਹੰਤ ਨਰਾਇਣ ਦਾਸ ਅਤੇ ਉਸ ਦੇ ਜ਼ਰਖ਼ਰੀਦ ਗੁੰਡਿਆਂ ਤੋਂ ਇਲਾਵਾ, ਮਿ. ਕਰੀ (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ) ਉੱਤੇ ਵੀ ਮੁਕੱਦਮਾ ਚਲਾਇਆ ਜਾਏ, ਜਿਨ੍ਹਾਂ ਦੀ ਉਤੇਜਨਾ ਉੱਤੇ ਇਤਨਾ ਵੱਡਾ 'ਸਾਕਾ' ਵਰਤਿਆ ਸੀ।

੩ ਮਾਰਚ, ੧੯੨੧ ਨੂੰ ਮਹਾਤਮਾ ਗਾਂਧੀ ਵੀ ਸ੍ਰੀ ਨਨਕਾਣਾ ਸਾਹਿਬ ਪਹੁੰਚੇ। ਉਹ ਰੇਲਵੇ ਸਟੇਸ਼ਨ ਤੋਂ ਪੈਦਲ ਹੀ ਸੰਗਤਾਂ ਨਾਲ ਗੁਰਦੁਆਰਾ ਜਨਮ-ਅਸਥਾਨ ਪਹੁੰਚੇ। ਗੁਰੂ ਬਾਬੇ ਦੇ ਪਵਿੱਤਰ ਦਰਬਾਰ ਅੱਗੇ ਸੀਸ ਝੁਕਾਇਆ ਅਤੇ ਫਿਰ ਸਮੁੱਚੀ ਪ੍ਰਕਰਮਾ ਦਾ ਜਾਇਜ਼ਾ ਲਿਆ। ਫਰਸ਼ 'ਤੇ ਖ਼ੂਨ ਦੇ ਨਿਸ਼ਾਨ 'ਜੰਡ' ਦਾ ਧੁਆਂਖਿਆ ਹੋਇਆ ਤਨਾ, ਦਰਬਾਰ ਸਾਹਿਬ ਦੇ ਟੁੱਟੇ ਭੱਜੇ ਕਿਵਾੜ। ਫਿਰ ਸਜੇ ਹੋਏ ਦੀਵਾਨ ਵਿਚ ਬੋਲਦਿਆਂ ਹੋਇਆਂ ਆਪ ਨੇ ਸਾਕੇ ਨੂੰ 'ਡਾਇਰਸ਼ਾਹੀ ਦੀ ਦੂਜੀ ਐਡੀਸ਼ਨ' ਕਰਾਰ ਦਿੱਤਾ। ਆਪ ਨੇ ਆਪਣੇ ਭਾਸ਼ਣ ਵਿਚ ਹਾਕਮਾਂ ਪਾਸੋਂ ਪੁੱਛ ਕੀਤੀ ਕਿ ਜਦੋਂ ਮਹੰਤ ਜੱਥੇ ਦੇ ਸਿੱਖਾਂ ਨੂੰ ਮਾਰ-ਮੁਕਾਉਣ ਦੀ ਇਤਨੀ ਵੱਡੀ ਤਿਆਰੀ ਕਰ ਰਿਹਾ ਸੀ, ਤਾਂ ਹਾਕਮਾਂ ਨੇ ਕਿਉਂ ਨਾ ਮਹੰਤ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ? ਆਪ ਨੇ ਸਪੱਸ਼ਟ ਕਿਹਾ ਕਿ ਇਤਨਾ ਵੱਡਾ ਕਰਮ ਇਕੱਲਾ ਮਹੰਤ ਨਹੀਂ ਸੀ ਵਰਤਾ ਸਕਦਾ। ਇਹ ਸਭ ਹਾਕਮਾਂ ਦੀ ਮਿਲੀ-ਭੁਗਤ ਦਾ ਨਤੀਜਾ ਸੀ। ਸਿੱਖ ਅਕਾਲੀ ਇਹ ਮੰਗ ਕਰਦ ਰਹੇ ਸਨ ਕਿ ਇਸ ਸੰਬੰਧ ਵਿਚ ਦੋ ਮੁਕੱਦਮੇ ਬਣਾਏ ਜਾਣ- ਇਕ ਮਹੰਤ ਅਤੇ ਉਸ ਦੇ ਕਰਿੰਦੇ ਕਾਤਲਾਂ ਦੇ ਬਰਖ਼ਿਲਾਫ, ਦੂਜਾ ਮਿ. ਕਰੀ ਅਤੇ ਮਿ. ਕਿੰਗ ਦੇ ਬਰਖ਼ਿਲਾਫ ਜਿਨ੍ਹਾਂ ਨੇ ਇਹ ਸਾਕਾ ਵਰਤਾਉਣ ਵਿਚ ਮਹੰਤ ਨਰਾਇਣ ਦਾਸ ਦੀ ਅੱਖਾਂ ਮੀਟ ਕੇ ਸਹਾਇਤਾ ਕੀਤੀ ਸੀ। ਇਸ ਰੋਲੇ-ਗੋਲੇ ਵਿਚ ਮਿ. ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ। ਪਰੰਤੂ ਮਿ. ਕਿੰਗ ਨੂੰ ਅਦਾਲਤ ਦੇ ਕਟਿਹੜੇ ਵਿਚ ਖੜ੍ਹਾ ਕਰਨ ਦੀ ਥਾਂ ਹਿੰਦ-ਸਰਕਾਰ ਵੱਲੋਂ,

ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ, ਤਾਂ ਜੋ ਉਹ ਮਹੰਤ ਨਰਾਇਣ ਦਾਸ ਦੇ ਮੁਕੱਦਮੇ ਉੱਤੇ ਅਸਰ ਅੰਦਾਜ਼ ਹੋ ਸਕੇ। ਫਿਰ ਮਿ. ਕੰਗ ਨੇ ਉਹ ਸਮੁੱਚੀਆਂ ਲੂੰਬੜ -ਚਾਲਾਂ ਦਾ ਸਹਾਰਾ ਲਿਆ, ਜਿਸ ਰਾਹੀਂ ਮਹੰਤ ਨੂੰ ਫਾਂਸੀ ਦੇ ਫੰਧੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਮਿ. ਡੇਵਿਡ ਪੈਟਰੀ, ਡੀ.ਆਈ.ਜੀ. (ਜਸੂਸੀ ਵਿਭਾਗ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਹ ਉਹੀ ਬਦਨਾਮ ਉੱਚ ਅਧਿਕਾਰੀ ਸੀ ਜਿਸ ਨੇ ਬਜ-ਬਜ ਘਾਟ, ਕਲਕੱਤੇ ਦੇ 'ਕਾਮਾ-ਗਾਟਾ ਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ 'ਤੇ ਗੋਲੀ ਚਲਾਉਣ ਵਿਚ ਸਹਾਇਤਾ ਕੀਤੀ ਸੀ ਅਤੇ ੧੯੧੫ ਦੇ ਪਹਿਲੇ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਹਿੰਦ-ਸਰਕਾਰ ਦਾ ਸਹਾਇਕ ਬਣਿਆ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਨਵਾਂ ਦੌਰ ਚਲਾ ਦਿੱਤਾ ਤਾਂ ਜੋ ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ, ਅਤੇ ਸਾਕੇ ਪਿੱਛੋਂ ਜੋ ਅਕਾਲੀਆਂ ਦੀ ਚੜ੍ਹ ਮੱਚੀ ਸੀ, ਉਸ ਤਾਕਤ ਨੂੰ ਤੋੜਿਆ ਜਾ ਸਕੇ। ਸਾਕੇ ਦੇ ਪੰਦਰਾਂ ਕੁ ਦਿਨਾਂ ਪਿੱਛੋਂ ਹੀ (੧੫ ਮਾਰਚ) ਅਕਾਲੀਆਂ ਨੂੰ ਇਹ ਇਨਸਾਫ ਦਿੱਤਾ ਗਿਆ ਕਿ ਉਲਟਾ ਉਹਨਾਂ ਦੇ ਹੀ ਆਗੂਆਂ ਨੂੰ ਫੜ ਫੜ ਕੇ ਜੇਹਲੀਂ ਸੁੱਟ ਦਿੱਤਾ ਗਿਆ। ਕੋਈ ੧੦੦ ਦੇ ਕਰੀਬ ਪ੍ਰਸਿੱਧ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ਭਾਈ ਕਰਤਾਰ ਸਿੰਘ 'ਝੱਬਰ' ਨੂੰ ਸ੍ਰੀ ਨਨਕਾਣਾ ਸਾਹਿਬ ਤੇ ਗੁਰਦੁਆਰਾ 'ਕਿਆਰਾ ਸਾਹਿਬ' ਤੋਂ ਸਣੇ ਉਨ੍ਹਾਂ ਦੇ ਜੱਥੇ ਦੇ, ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਵਿਚ, ਸਪੈਸ਼ਲ ਤੇ ਐਡੀਸ਼ਨਲ ਜੱਜ, ਮਿ. ਜੇ. ਈ. ਕਿਊ ਦੀ ਅਦਾਲਤ ਵਿਚ ਫੜੇ ਗਏ ਅਕਾਲੀਆਂ ਵਿਰੁੱਧ ਡਾਕੇ ਮਾਰਨ, ਘਰ ਭੰਨਣ ਆਦਿ ਝੂਠੇ ਮੁਕੱਦਮੇ ਚਲਾਏ ਗਏ ਅਤੇ ਜਿਤਨੀ ਸਜ਼ਾ ਇਹ ਅਦਾਲਤ ਦੇ ਸਕਦੀ ਸੀ, ਦਿੱਤੀ। ਮਿਸਾਲ ਦੇ ਤੌਰ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ੯ ਸਾਲ ਕੈਦ ਲਾਹੌਰ ਸਿੰਘ ਨੂੰ ੯ ਸਾਲ ਤੇ ਭਾਈ ਕਰਤਾਰ ਸਿੰਘ 'ਝੱਬਰ' ਨੂੰ ੧੮ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ ਸੁਣ ਕੇ ਫਿਰ ਸਮੁੱਚੇ ਪੰਥ ਵਿਚ ਹਾ-ਹਾ ਕਾਰ ਮੱਚ ਗਈ। ਪਰੰਤੂ ਕੁਝ ਸਮੇਂ ਪਿੱਛੋਂ ਹੀ ਭਾਈ ਕਰਤਾਰ ਸਿੰਘ 'ਝੱਬਰ' ਆਦਿ ਆਗੂ ਸਰਕਾਰ ਦੀਆਂ ਸ਼ਰਤਾਂ 'ਤੇ ਰਿਹਾਅ ਹੋ ਕੇ ਆ ਗਏ।

ਅਕਾਲੀ ਤਹਿਰੀਕ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਪੰਜਾਬ ਸਰਕਾਰ ਨੇ ਹਰ ਹੀਲਾ ਵਰਤਿਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ ਵਿਰੁੱਧ, ਆਪਣੀਆਂ ਪ੍ਰਾਪੇਗੰਡਾ ਏਜੰਸੀਆਂ ਰਾਹੀਂ ਭੜਕਾਉਣਾ ਚਾਹਿਆ, ਤਾਂ ਜੋ ਇਹ ਕੌਮਾਂ ਆਪਸ ਵਿਚ ਲੜ ਮਰਨ ਅਤੇ ਇਉਂ ਅਕਾਲੀ ਲਹਿਰ ਦੀ ਪਵਿੱਤਰਤਾ ਨੂੰ ਦਾਗ਼ਦਾਰ ਕੀਤਾ ਜਾ ਸਕੇ। ਪਰੰਤੂ, ਸ਼੍ਰੋ. ਕਮੇਟੀ ਦੇ ਪ੍ਰਾਪੇਗੰਡਾ ਕਮੇਟੀ ਦੇ ਇੰਚਾਰਜ ਤੇ ਪ੍ਰਸਿੱਧ ਨੀਤੀਵਾਨ, ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ ਸਰਕਾਰ ਦੇ ਇਸ ਨਵੇਂ ਪੈਂਤੜੇ ਨੂੰ ਨਾ-ਕਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਦੇ ਐਡੀਟਰਾਂ ਨੂੰ ਖ਼ੁਦ ਸ੍ਰੀ ਨਨਕਾਣਾ ਸਾਹਿਬ ਜਾ ਕੇ ਪੁੱਛ-ਪੜਤਾਲ ਕਰਨ ਦਾ ਸੱਦਾ ਦਿੱਤਾ। ਇੰਝ ਪੁੱਛ-ਪੜਤਾਲ ਪਿੱਛੋਂ, ਸੱਯਦ ਹਬੀਬ, ਐਡੀਟਰ 'ਸਿਆਸਤ' ਨੇ ਕਿਹਾ - ਅਕਾਲੀ ਜੱਥਿਆਂ ਦੇ ਮੈਂਬਰ ਪਾਕ ਆਦਮੀ ਹਨ। ਉਹਨਾਂ ਦੀ ਪਿਛਲੀ ਜ਼ਿੰਦਗੀ ਕੁਝ ਵੀ ਹੋਏ, ਉਹ ਹੁਣ ਧਾਰਮਿਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸ਼ਾਹਤ ਹਨ।

੧੧ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਹਿੰਦੂਆਂ ਦੀ ਇਕ ਸਾਂਝੀ ਮੀਟਿੰਗ ਨੇ ਮਤਾ ਪਾਸ ਕੀਤਾ -"ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂਆਂ, ਮੁਸਲਮਾਨਾਂ ਨਾਲ ਸਲੂਕ ਹਮਦਰਦੀ ਭਰਿਆ ਤੇ ਸ਼ਲਾਘਾ-ਯੋਗ ਹੈ। ਉਹ ਦੂਜਿਆਂ ਦੇ ਧਰਮਾਂ ਚਿ ਕੋਈ ਦਖ਼ਲ ਨਹੀਂ ਦੇਂਦੇ। ਅਸੀਂ ਦੁਸ਼ਮਣ ਵੱਲੋਂ ਫੈਲਾਈਆਂ ਕੂੜੀਆਂ ਅਫਵਾਹਾਂ ਦੀ ਪੁਰਜ਼ੋਰ ਤਰਦੀਦ ਕਰਦੇ ਹਾਂ।"

ਅਤੇ ਹੰਸ ਰਾਜ (ਬੈਰਿਸਟਰ, ਜਲੰਧਰ) ਨੇ ਕਿਹਾ ਕਿ ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ ਜਿਹੜੀ ਖ਼ਾਲਸੇ ਨੇ ਦਿਖਾਈ, ਤਾਰੀਫ ਕਰਨ ਲਈ ਮਜ਼ਬੂਰ ਹੋਏ ਆਂ।

ਪਰੰਤੂ ਇਸ ਮੁੱਦੇ 'ਤੇ ਅੰਗਰੇਜ਼ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਵਿਚ ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਮਤਾ, ੧੧ ਮਈ, ੧੯੨੧ ਨੂੰ ਪੇਸ਼ ਕੀਤਾ, ਜਿਸ 'ਤੇ ਚੀਫ ਖਾਲਸਾ ਦੀਵਾਨ ਨਾਲ ਸੰਬੰਧਿਤ ਕਮੇਟੀ ਦੇ ਪ੍ਰਧਾਨ. ਸ੍ਰ. ਹਰਬੰਸ ਸਿੰਘ 'ਅਟਾਰੀ' ਅਤੇ ਪ੍ਰੋ. ਜੋਧ ਸਿੰਘ ਆਦਿ ਅਸਤੀਫੇ ਦੇ ਗਏ ਅਤੇ ਮਤਾ ਪਾਸ ਹੋ ਗਿਆ। ਇਹ ਲੋਕ ਅੰਗਰੇਜ਼ ਹਾਕਮਾਂ ਨਾਲ ਵਿਗਾੜ ਪੈਦਾ ਕਰਨ ਦੇ ਹੱਕ ਵਿਚ ਨਹੀਂ ਸਨ ਅਤੇ ਹਾਕਮਾਂ ਨਾਲ ਮਿਲਵਰਤਨ ਕਰ ਕੇ ਸਿੱਖ ਕੌਮ ਲਈ ਰਿਆਇਤਾਂ ਲੈਣੀਆਂ ਚਾਹੁੰਦੇ ਸਨ। ਇਹਨਾਂ ਉਪਰੋਕਤ ਹਾਲਤਾਂ ਵਿਚ ਹੇਠਲੀ ਅਦਾਲਤ ਨੇ ਮਹੰਤ ਨਰਾਇਣ ਦਾਸ, ਹਰੀ ਨਾਥ ਜੋਗੀ, ਮਹੰਤ ਰਿਹਾਣਾ ਆਦਿ ਨੂੰ ਮੌਤ ਦੀ ਸਜ਼ਾ ਸੁਣਾਈ। ਪੰਰੁਤ ਮਹੰਤ ਨਰਾਇਣ ਦਾਸ ਨੇ ਆਪਣਏ ਕੇਸ ਦੀ ਪੈਰਵੀ ਲਈ, ਹਾਈ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ ਅਤੇ ਹੱਸਨ ਇਮਾਮਾ ਨਾਂ ਦੇ ਵਕੀਲ ਨੂੰ ਪੈਰਵੀ ਲਈ 'ਪਟਨੇ' ਤੋਂ ਬੁਲਾਇਆ। ਵਕੀਲ ਨੇ ਅਦਾਲਤ ਦੇ ਰੂ-ਬ-ਰੂ ਮਹੰਤ ਅਤੇ ਉਸ ਦੇ ਚਾਟੜਿਆਂ ਨੂੰ ਬਚਾਉਣ ਲਈ ਇਸ ਪ੍ਰਕਾਰ ਦੀਆਂ ਦਲੀਲਾਂ ਦਿੱਤੀਆਂ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਇਨਸਾਨੀਅਤ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਆਪ ਨੇ ਆਖਿਆ - "ਸਰਕਾਰ ਵੱਲੋਂ ਰੱਖਿਆ ਨਾ ਮਿਲ ਸਕਣ ਕਾਰਨ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫਾਜ਼ਤ ਲਈ ਕਦਮ ਉਠਾਵੇ, ਪਠਾਣਾਂ ਨੂੰ ਪਹਿਰੇਦਾਰ ਰੱਖੇ ਅਤੇ 'ਰਾਂਝੇ' ਅਤੇ 'ਰਿਹਾਣੇ' ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ।

ਉਹ (ਨਰਾਇਣ ਦਾਸ ਮਹੰਤ) ਬਿਲਾ-ਸ਼ੱਕ ਨਿਰਾਸ਼ਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸਾਂ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।"

ਇਹਨਾਂ ਦਲੀਲਾਂ ਦੀ ਬਿਨਾ 'ਤੇ ਅੰਤ ਜੱਜ ਸਾਹਿਬਾਨ ਨੇ ਮਹੰਤ ਨਰਾਇਣ ਦਾਸ ਦੀ ਫਾਂਸ਼ੀ ਦੀ ਸਜ਼ਾ, ਉਮਰ ਕੈਦ ਵਿਚ ਬਦਲ ਦਿੱਤੀ, ਅਤੇ ਮਹੰਤ ਦੇ ਸਹਿਯੋਗੀ ਮੁਲਾਜ਼ਮਾਂ ਜਿਹਾ ਕਿ ਰਾਂਝਾ, ਰਿਹਾਣਾ ਅਤੇ ਹਰੀ ਨਾਥ (ਜੋਗੀ) ਦੀ ਸਜ਼ਾ ਫਾਂਸੀ ਬਰ-ਕਰਾਰ ਰੱਖੀ। ਜੱਜ ਸਾਹਿਬਾਨ ਨੇ ਦੋ ਪਠਾਣਾਂ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖਦਿਆਂ ਹੋਇਆਂ ਬਾਕੀ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਪਰੰਤੂ ਰੱਖਿਆ ਨਾ ਦੇਣ ਵਾਲੇ ਹਾਕਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ?

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਪ੍ਰਮਾਣੂ
   (ੳ) ਇਕ ਤੱਤ ਦਾ ਸਭ ਤੋਂ ਛੋਟਾ ਅਣੂ ਹੈ (ਅ) ਮੁਕਤ ਅਵਸਥਾ ਵਿਚ ਰਹਿ ਸਕਦਾ ਹੈ
   (ੲ) ਤੱਤ ਦੇ ਰਸਾਇਣਕ ਗੁਣ ਸਮਾਈ ਰੱਖਦਾ ਹੈ (ਸ) ਉਪਰੋਕਤ ਸਾਰੇ ਹੀ (ਸ)
2. ਥਲੀ ਪਵਨ ਅਤੇ ਸਾਗਰੀ ਪਵਨ, ਧਰਤੀ ਅਤੇ ਪਾਣੀ ਦੇ ਠੰਢਾ ਹੋਣ ਦੇ ਅੰਤਰ ਕਾਰਨ ਪੈਦਾ ਹੁੰਦੀਆਂ ਹਨ ਠੀਕ ਉੱਤਰ ਨੂੰ ਚੁਣੋ।
   (ੳ) ਸਾਗਰੀ ਪਵਨਾਂ ਸਾਗਰ ਤੋਂ ਥਲ ਵੱਲ ਰਾਤ ਨੂੰ ਚਲਦੀਆਂ ਹਨ।
   (ਅ) ਸਾਗਰੀ ਪਵਨਾਂ ਸਾਗਰ ਤੋਂ ਥੱਲ ਵੱਲ ਦਿਨ ਸਮੇਂ ਚਲਦੀਆਂ ਹਨ।
   (ੲ) ਥਲੀ ਪਵਨ ਸਾਗਰ ਤੋਂ ਥੱਲ ਵੱਲ ਰਾਤ ਸਮੇਂ ਚਲਦੀ ਹੈ।
   (ਸ) ਇਨ੍ਹਾਂ ਵਿਚੋਂ ਕੋਈ ਨਹੀਂ। (ਅ)
3. ਗਰਮ ਊਨੀ ਕੱਪੜੇ ਸਾਨੂੰ ਸਰਦੀਆਂ ਵਿਚ ਗਰਮ ਰੱਖਦੇ ਹਨ। ਹੇਠ ਲਿਖਿਆਂ ਵਿਚੋਂ ਕਿਹੜਾ ਕਾਰਨ ਗਲਤ ਹੈ।
   (ੳ) ਊਨੀ ਕੱਪੜਾ ਤਾਪ ਦਾ ਕੁਚਾਲਕ ਹੈ। (ਅ)
   (ਅ) ਰੇਸ਼ਿਆਂ ਦਾ ਬਿਜਲਈ ਚਾਰਜ ਤਾਪ ਬਣਾਈ ਰੱਖਦਾ ਹੈ।
   (ੲ) ਉਨ ਹਵਾ ਨੂੰ ਆਪਣਿਆਂ ਰੇਸ਼ਿਆਂ ਵਿਚ ਜਕੜੀ ਰੱਖਦੀ ਹੈ।
   (ਸ) ਉਨ ਸਰੀਰਕ ਤਾਪ ਨੂੰ ਵਾਤਾਵਰਨ ਵਿਚ ਖਿੰਡਰਣ ਤੋਂ ਬਚਾਉਂਦੀ ਹੈ।
4. ਪ੍ਰੈਸ਼ਰ ਕੁਕਰ ਸਾਨੂੰ ਤੇਜ਼ੀ ਨਾਲ ਭੋਜਨ ਬਨਾਉਣ ਵਿਚ ਸਹਾਈ ਕਿਉਂ ਹੁੰਦਾ ਹੈ।
   (ੳ) ਇਹ ਤਰਲ ਪਦਾਰਥ ਦੇ ਵਾਯੂ ਦਬਾਅ ਕਾਰਨ ਉਬਾਲ ਕਰਜ਼ਾ ਵਧਾ ਦਿੰਦਾ ਹੈ। (ੳ)
   (ਅ) ਇਹ ਵਿਸ਼ੇਸ਼ ਧਾਂਤ ਦਾ ਬਣਿਆ ਹੋਣ ਕਾਰਨ ਤਾਪ ਨੂੰ ਸੁਰੱਖਿਅਤ ਰੱਖਦਾ ਹੈ।
   (ੲ) ਇਹ ਵਾਯੂ ਮੰਡਲ ਨੂੰ ਭੋਜਨ ਠੰਡਾ ਹੋਣ ਦੀ ਗੁੰਜਾਇਸ਼ ਨਹੀਂ ਦਿੰਦਾ।
   (ਸ) ਇਹ ਭੋਜਨ ਨੂੰ ਗਰਮ ਰੱਖਣ ਲਈ ਸੰਚਾਰਨ ਦਾ ਚੰਗਾ ਸਾਧਨ ਪ੍ਰਦਾਨ ਕਰਦਾ ਹੈ।
5. ਇਕ ਹਵਾਈ ਜਹਾਜ਼ ਜੋ ਕਿ ਹਵਾ ਨਾਲੋਂ ਭਾਰਾ ਹੁੰਦਾ ਹੈ। ਹਵਾ ਵਿਚ ਇਨ੍ਹਾਂ ਵਿਚੋਂ ਕਿਸ ਕਾਰਨ ਕਰਕੇ ਉੱਡ ਸਕਦਾ ਹੈ।
   (ੳ) ਤਰਕਸ਼ੀਲਤਾ (ਅ) ਹਵਾਈ ਜਹਾਜ਼ ਦੀ ਅਗਾਂਹ ਵੱਲ ਨੂੰ ਗਤੀ
   (ੲ) ਉਪਰਲੇ ਅਤੇ ਥੱਲੇ ਪਾਸੇ ਦੇ ਪਰਾਂ ਦੇ ਦਬਾਅ ਦੇ ਅੰਤਰ ਕਾਰਨ (ੲ)
   ਉਪਰੋਕਤ ਕੋਈ ਵੀ ਨਹੀਂ (ੲ)
6. ਪਾਣੀ ਅਤੇ ਬਰਫ਼ ਦੀਆਂ ਘਣਤਾਵਾਂ
   (ੳ) ਬਰਾਬਰ ਹੁੰਦੀਆਂ ਹਨ (ਅ) ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ
   (ੲ) ਬਰਾਬਰ ਜਾਂ ਵੱਖ-ਵੱਖ ਹੋ ਸਕਦੀਆਂ ਹਨ (ਸ) ਉਪਰੋਕਤ ਕੋਈ ਵੀ ਨਹੀਂ (ਅ)
7. ਇਕ ਮੋਟਰ ਵਾਹਨ ਦੇ ਪਿਛਲੇ ਪਾਸੇ ਦਾ ਦ੍ਰਿਸ਼ ਦੇਖਣ ਲਈ ਆਮ ਤੌਰ ਤੇ ਕਿਸ ਤਰ੍ਹਾਂ ਦੇ ਦਰਪਣਾਂ ਦੀ ਵਰਤੋਂ ਕੀਤੀ ਜਾਂਦੀ ਹੈ।
   (ੳ) ਅਵਤਲ ਦਰਪਣ (ਅ) ਉਤਲ ਦਰਪਣ
   (ੲ) ਸਮਤਲ ਦਰਪਣ (ਸ) ਅਵਤਲ-ਉਤਲ ਦਰਪਣ (ਅ)
8. ਚਾਲਕ ਵਿਚ ਬਿਜਲਈ ਧਾਰਾ ਦੇ ਪ੍ਰਵਾਹ ਦਾ ਕਾਰਣ ਹੁੰਦਾ ਹੈ।
   (ੳ) ਐਮਪੀਅਰ ਦੀ ਮਾਤਰਾ (ਅ) ਵਾਟ ਦੀ ਮਾਤਰਾ
   (ੲ) ਪੁਟੈਂਸ਼ਲ ਅੰਤਰ (ਸ) ਇਨ੍ਹਾਂ ਵਿਚੋਂ ਕੋਈ ਨਹੀਂ (ੲ)
9. ਚਾਲ ਅਤੇ ਵੇਗ ਸਬੰਧੀ ਕਿਹੜਾ ਕਾਰਨ ਗਲਤ ਹੈ।
   (ੳ) ਚਾਲ ਉਹ ਫਾਸਲਾ ਹੈ ਜਿਹੜਾ ਕਿਸੇ ਵਿਸ਼ੇਸ਼ ਸਮੇਂ ਕਿਸੇ ਪਿੰਡ ਵਲੋਂ ਤਹਿ ਕੀਤਾ ਜਾਂਦਾ ਹੈ।
   (ਅ) ਚਾਲ ਇਕ ਵਿਸ਼ੇਸ਼ ਦਿਸ਼ਾ ਵੱਲ ਹੋਣੀ ਚਾਹੀਦੀ ਹੈ। (ਅ)
   (ੲ) ਵੇਗ ਇਕ ਵਿਸ਼ੇਸ਼ ਦਿਸ਼ਾ ਵੱਲ ਚਾਲ ਹੈ।
   (ਸ) ਚਾਲ ਅਤੇ ਵੇਗ ਦੋਵੇਂ ਹੀ ਫਾਸਲੇ ਅਤੇ ਸਮੇਂ ਤੇ ਨਿਰਭਰ ਕਰਦੇ ਹਨ।
10. ਸ਼ਾਰਟ ਸਰਕਟ ਸਮੇਂ, ਸਰਕਟ ਵਿਚ ਚਲਦੀ ਧਾਰਾ
   (ੳ) ਕਾਫੀ ਮਾਤਰਾ ਵਿਚ ਘੱਟ ਜਾਂਦੀ ਹੈ (ਅ) ਬਦਲਦੀ ਨਹੀਂ (ੲ)
   (ੲ) ਬਹੁਤ ਜ਼ਿਆਦਾ ਵੱਧ ਜਾਂਦੀ ਹੈ (ਸ) ਲਗਾਤਾਰ ਵਧਦੀ ਘੱਟਦੀ ਰਹਿੰਦੀ ਹੈ।

**ਇਹ ਪ੍ਰਸ਼ਨ ਪੀ.ਸੀ.ਐਸ. ਜਨਰਲ ਸਟੱਡੀ ਪੇਪਰ-1 ਕੰਬਾਈਨਡ ਸਟੇਟ ਸਿਵਲ ਸਰਵਿਸਿਸ ਪਰੀਲੀਮੀਨਰੀ ਇਗਜ਼ਾਮ ਵਿਚ ਆਏ ਹੋਏ ਹਨ।**



(ਉੱਤਰ ਸਫ਼ਾ 40 'ਤੇ

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ', 'ਬੀ' ਆਦਿ ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 45 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**

**ਸਹਿ ਸੰਪਾਦਕ**

# ਸ਼ੋਕ ਸਮਾਚਾਰ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ:), ਸੈਕਟਰ 30-ਏ ਚੰਡੀਗੜ੍ਹ ਵੱਲੋਂ ਦੁੱਖ ਨਾਲ ਪ੍ਰਗਟਾਵਾ ਕੀਤਾ ਜਾਂਦਾ ਹੈ ਕਿ ਸਰਦਾਰ ਜਗਮੋਹਨ ਸਿੰਘ ਸਪੁੱਤਰ ਸਵਰਗਵਾਸੀ ਸਰਦਾਰਨੀ ਈਸ਼ਰ ਕੌਰ ਅਤੇ ਸਰਦਾਰ ਜਗਤ ਸਿੰਘ, ਪਿੰਡ ਮਿਆਨੀ (ਅਫਗਾਨਾ), ਤਹਿਸੀਲ ਦਸੂਹਾ, ਜ਼ਿਲ੍ਹਾ- ਹੁਸ਼ਿਆਰਪੁਰ, ਪ੍ਰਮਾਤਮਾ ਵੱਲੋਂ ਬਖਸ਼ੀ ਸੰਸਾਰਕ ਯਾਤਰਾ ਮਿਤੀ 25-12-1934 ਤੋਂ 14-01-2023 ਤੱਕ ਸੰਪੂਰਨ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਸਰਦਾਰ ਜਗਮੋਹਨ ਸਿੰਘ ਬਤੌਰ ਐਡੀਸ਼ਨਲ ਡਾਇਰੈਕਟਰ, (ਐਫ.ਏ.) ਕਮ ਕੰਟਰੋਲਰ ਖੁਰਾਕ ਅਕਾਊਂਟਸ (ਰਿਟਾ:) ਪੰਜਾਬ ਖੁਰਾਕ ਅਤੇ ਸਪਲਾਈ ਮਹਿਕਮਾ ਵਿਚੋਂ ਦਸੰਬਰ 1993 ਤੋ ਸੇਵਾ ਮੁਕਤ ਹੋਏ ਸਨ। ਆਪ ਜੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਚੰਡੀਗੜ੍ਹ ਦੇ ਲਗਾਤਾਰ ਇਕ ਤੋਂ ਬਾਅਦ ਇਕ-ਵਾਇਸ ਪ੍ਰਧਾਨ, ਜਨਰਲ ਸਕੱਤਰ, ਜੁਆਇੰਟ ਸਕੱਤਰ ਅਤੇ ਵਿੱਤ ਸਕੱਤਰ 1975 ਤੋਂ 1997 ਤੱਕ ਖਾਸ ਤੌਰ ਤੇ ਅਤੇ ਆਖੀਰ ਤੱਕ ਕਾਰਜਕਾਰੀ ਮੈਂਬਰ ਰਹਿੰਦੇ ਹੋਏ ਆਪਣੀਆਂ ਯੋਗ ਸਲਾਹਾਂ ਅਤੇ ਕੰਮ ਕਰਦੇ ਹੋਏ ਅਤੇ ਹਰ ਮਹੀਨੇ ਮਾਇਕ ਯੋਗਦਾਨ ਪਾਉਂਦੇ ਰਹੇ ਹਨ। ਆਪ ਜੀ ਦੇ ਪਿਤਾ ਜੀ ਸ. ਜਗਤ ਸਿੰਘ ਜੀ ਜੋ ਕਿ ਬੀ.ਏ., ਐਲ.ਐਲ.ਬੀ. ਸਨ ਪਰ ਅਧਿਆਪਕ ਤੌਰ ਤੇ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ, ਮਿਆਣੀ ਵਿਚ ਕੰਮ ਕਰਦੇ ਸਨ। ਜਿੰਨਾ ਕਰਕੇ ਇਹ ਪਰਿਵਾਰ ਉਸ ਸਮੇਂ ਉੱਚ ਸਿਖਿਅਤ ਅਤੇ ਮੋਹਤਬਰ ਪਰਿਵਾਰਾਂ ਵਿੱਚੋ ਗਿਣਿਆਂ ਜਾਂਦਾ ਸੀ। ਸਵ: ਸ. ਜਗਮੋਹਨ ਸਿੰਘ ਜੀ ਦੀ ਸ਼ਾਦੀ ਬੀਬੀ ਸੁਰਿੰਦਰ ਕੌਰ ਜੀ ਨਾਲ ਇਕ ਉੱਘੇ ਵਿਦਵਾਨ ਅਤੇ ਸਿਆਸੀ, ਪੜ੍ਹੇ-ਲਿਖੇ ਉੱਚੇ ਪਰਿਵਾਰ ਚੌਧਰੀ ਲੱਖੀ ਸਿੰਘ ਜੀ ਚੀਫ਼ ਅਕਾਊਂਟਸ ਅਗਜਾਮੀਨਰ ਅਤੇ ਐਮ.ਐਲ.ਏ. ਰਹੇ ਸਨ, ਨਾਲ ਹੋਈ। ਚੌਧਰੀ ਲੱਖੀ ਸਿੰਘ ਦੇ ਬੇਟੇ ਸਵਰਗਵਾਸੀ ਮੇਜਰ ਜਨਰਲ ਤਰਲੋਕ ਸਿੰਘ, ਕਰਨਲ ਸੁਰਿੰਦਰ ਸਿੰਘ, ਚੌਧਰੀ ਬਲਬੀਰ ਸਿੰਘ ਮਿਆਨੀ (ਅਫਗਾਨਾਂ) ਸਾਬਕਾ ਮੰਤਰੀ ਪੰਜਾਬ ਰਹੇ ਹਨ ਤੇ ਸਾਰਾ ਪਰਿਵਾਰ ਬਰਾਦਰੀ ਵਿਚ ਸਨਮਾਨਜਨਕ ਸਥਾਨ ਰੱਖਦਾ ਹੈ। ਸ਼੍ਰ: ਜਗਮੋਹਨ ਸਿੰਘ ਜੀ ਉੱਚ ਸਿਖਸ਼ਕ, ਨਿਮਰਤਾ, ਪ੍ਰੇਮ ਪਿਆਰ, ਪ੍ਰਬੰਧਕੀ, ਪ੍ਰਸ਼ਾਸਨਿਕ, ਵਿੱਤੀ ਕਾਰਜਾਂ ਵਿੱਚ ਨਿਪੁੰਨ ਸਨ। ਇਸ ਫਾਊਡੇਸ਼ਨ ਤੋਂ ਇਲਾਵਾ ਲਾਇਨ ਕਲੱਬ, ਸਮਾਜਿਕ ਸੰਸਥਾਵਾਂ ਅਤੇ ਬਹੁਤ ਸਾਰੀਆਂ ਕਿੱਟੀ ਸੰਗਠਨਾਂ ਦੇ ਮੈਂਬਰ ਰਹੇ ਹਨ। ਆਪ ਜੀ ਇਸ ਫਾਨੀ ਸੰਸਾਰ ਨੂੰ ਮਿਤੀ-14.01.2023 ਨੂੰ ਮਿਸਾਲੀ ਸੇਵਾਵਾ ਫਾਊਡੇਸ਼ਨ ਨੂੰ ਦੇ ਕੇ ਚੰਗੀਆਂ ਪਿਰਤਾਂ ਪਾ ਕੇ ਅਲਵਿਦਾ ਕਹਿ ਗਏ ਹਨ। ਇਸ ਮੌਕੇ ਸ਼੍ਰੀ ਸੋਮਨਾਥ ਜੀ ਜੋ ਕਿ ਲੰਮੇ ਸਮੇਂ ਤੋਂ ਸ. ਜਗਮੋਹਨ ਸਿੰਘ ਜੀ ਨਾਲ ਨੌਕਰੀ ਦੇ ਸ਼ੁਰੂ ਤੋਂ ਸਾਥ ਰਹੇ ਸਨ ਨੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਸਾਰੀ ਜ਼ਿੰਦਗੀ ਚੰਗੀ ਬੋਲਬਾਣੀ ਵਿਚ ਵਿਚਰਦਿਆਂ ਦੇਖਿਆ ਹੈ। ਕੋਈ ਵੀ ਸਰਕਾਰੀ ਕੰਮ ਅਤੇ ਸੰਸਥਾ ਦਾ ਕੰਮ ਹੋਵੇ ਆਪਣੇ ਉੱਚ ਅਧਿਕਾਰੀਆਂ ਕੋਲੋਂ ਕਰਵਾ ਲੈਂਦੇ ਸਨ, ਕਿਉਂਕਿ ਉਨ੍ਹਾਂ ਦਾ ਸੱਚਾ-ਸੁੱਚਾ ਕੰਮ ਕਰਨ ਦਾ ਪ੍ਰਭਾਵ ਸੀ ਅਤੇ ਇਸੇ ਤਰ੍ਹਾਂ ਆਪਣੇ ਛੋਟਿਆਂ ਨਾਲ ਪਰਿਵਾਰਕ ਸੰਬੰਧ ਅਤੇ ਮੈਂਬਰਾਂ ਨਾਲ ਸਹਿਜ ਤਰੀਕੇ ਜ਼ਿੰਦਗੀ ਗੁਜਰ ਕੀਤੀ। ਖਾਸ ਤੌਰ ਤੇ ਉਨ੍ਹਾਂ ਦਾ ਵਿਵਾਹਿਕ ਜੀਵਨ ਸਾਥਣ ਸਰਦਾਰਨੀ ਸੁਰਿੰਦਰ ਕੌਰ ਨਾਲ ਹਮੇਸ਼ਾ ਹੀ ਬੜਾ ਚੰਗਾ ਵਰਤਾਓ ਵਾਲਾ ਅਤੇ ਸਹਿਚਾਰ ਵਾਲਾ ਰਿਹਾ ਹੈ ਅਤੇ ਹਮੇਸ਼ਾ ਹੀ ਹਰ ਕਾਰਜ, ਬਾਜ਼ਾਰ, ਸੰਸਥਾ ਆਦਿ ਵਿਚ ਜਾਣ ਸਮੇਂ ਇਕੱਠੇ ਵਿਚਰਦੇ ਰਹੇ, ਜੋਕਿ ਆਮ ਤੌਰ ਤੇ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਸ਼੍ਰ: ਜਗਮੋਹਨ ਸਿੰਘ ਜੀ ਦੀ ਧਰਮ ਪਤਨੀ ਸਰਦਾਰਨੀ ਸੁਰਿੰਦਰ ਕੌਰ ਜੀ ਇਸ ਫਾਊਡੇਸ਼ਨ ਦੇ ਵਾਇਸ ਪ੍ਰਧਾਨ, ਕਾਰਜਕਾਰੀ ਮੈਂਬਰ, ਲਾਈਨ ਕਲੱਬ-ਨਾਰਥ ਜੋਨ ਦੇ ਪ੍ਰਧਾਨ ਰਹੇ ਹਨ ਅਤੇ ਲਗਾਤਾਰ ਸਰਦਾਰ ਜਗਮੋਹਨ ਸਿੰਘ ਜੀ ਨਾਲ ਅਟੁੱਟ ਸਾਥ ਦੇ ਕੇ ਸੇਵਾ ਕਰਦੇ ਹੋਏ ਨਾਲ-ਨਾਲ ਚਲਦੇ ਰਹੇ ਹਨ। ਸ. ਜਗਮੋਹਨ ਸਿੰਘ ਜੀ ਦੇ ਅਕਾਲ ਚਲਾਣੇ ਸਮੇਂ ਉਨ੍ਹਾਂ ਦੀ ਫ਼ਾਊਡੇਸ਼ਨ ਦੇ ਸਾਰੇ ਮੈਂਬਰਾਂ ਨਾਲ ਨੇੜਤਾ ਹੋਣ ਕਰਕੇ ਉਨ੍ਹਾਂ ਦੀ ਸੇਵਾ ਨੂੰ ਸ਼ਰਧਾਪੂਰਵਕ ਮੁੱਖ ਰੱਖਦੇ ਹੋਇਆ ਇਹ ਫ਼ੈਸਲਾ ਕੀਤਾ ਗਿਆ ਅਤੇ ਪਰਿਵਾਰ ਨੂੰ ਬੇਨਤੀ ਕੀਤੀ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਖੰਡ ਪਾਠ ਅਤੇ ਕੀਰਤਨ ਦਰਬਾਰ ਦਾ ਪ੍ਰੋਗਰਾਮ ਸੈਕਟਰ 30- ਏ ਭਵਨ ਵਿਖੇ ਗੁਰੂ-ਘਰ ਅਤੇ ਮੇਨ ਹਾਲ ਵਿਚ ਕੀਤਾ ਜਾਵੇ। ਜਿਸਦੀ ਪਰਿਵਾਰ ਵਲੋਂ ਹਾਂ ਕੀਤੀ ਗਈ ਅਤੇ ਮਿਤੀ 18.01.2023 ਨੂੰ ਸ਼੍ਰੀ ਅਖੰਡ ਪਾਠ ਪ੍ਰਾਰੰਭ ਕਰਕੇ ਨਿਰਵਿਘਨ ਸੰਪੂਰਨਤਾ 20.01.2023 ਨੂੰ ਗੁਰੂ ਘਰ ਵਿਖੇ ਕੀਤੀ ਗਈ। ਉਪਰੰਤ ਮੇਨ ਹਾਲ ਵਿਚ ਕੀਰਤਨ ਦਰਬਾਰ ਸਜਾਇਆ ਗਿਆ ਅਤੇ ਇਸ ਮੌਕੇ ਸ਼ਰਧਾਜਲੀ ਦੇਣ ਲਈ ਪ੍ਰਧਾਨ ਇੰਜ: ਹਰਭਜਨ ਸਿੰਘ ਡਿਪਟੀ ਚੀਫ (ਰਿਟਾ:), ਸ. ਭਗਤ ਸਿੰਘ ਆਈ.ਏ.ਐਸ. ਅਤੇ ਸਾਬਕਾ ਪ੍ਰਧਾਨ ਬ.ਮ.ਸ.ਲ.ਫ., ਚੰਡੀਗੜ੍ਹ, ਚੌਧਰੀ ਬਲਬੀਰ ਸਿੰਘ ਸਾਬਕਾ ਮੰਤਰੀ ਪੰਜਾਬ, ਸ਼੍ਰੀ ਸੋਮਨਾਥ ਜੀ ਲਾਇਨ ਕਲੱਬ ਚੰਡੀਗੜ੍ਹ ਅਤੇ ਸ. ਗੁਰਚਰਨ ਸਿੰਘ ਸਾਬਕਾ ਪ੍ਰਧਾਨ ਅਤੇ ਸੀਨੀਅਰ ਵਾਈਸ ਪ੍ਰਧਾਨ ਨੇ ਜਨਰਲ ਸਕੱਤਰ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਸ਼ਰਧਾਂਜ਼ਲੀਆ ਦਿੱਤੀਆਂ ਅਤੇ ਇਸ ਦੁੱਖ ਦੀ ਘੜੀ ਵਿੱਚ ਸਰਦਾਰਨੀ ਸੁਰਿੰਦਰ ਕੌਰ ਜੀ ਅਤੇ ਸਾਰੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਜੀ ਸਰਦਾਰ ਜਗਮੋਹਨ ਸਿੰਘ ਜੀ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ, ਜਨਮ-ਮਰਨ ਦੇ ਆਵਾਗੌਣ ਤੋਂ ਮੁਕਤ ਰੱਖਣ ਅਤੇ ਪਿੱਛੇ ਸਮੂੰਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਅਤੇ ਚੜ੍ਹਦੀ ਕਲਾ ਬਖਸ਼ਣ। ਇਸ ਮੌਕੇ ਸਰਦਾਰਨੀ ਸੁਰਿੰਦਰ ਕੌਰ ਅਤੇ ਪਰਿਵਾਰ ਵੱਲੋਂ ਫਾਊਂਡੇਸ਼ਨ ਨੂੰ 25000 ਰੁਪਏ ਦੀ ਦਾਨ ਰਾਸ਼ੀ ਭੇਟ ਕੀਤੀ ਗਈ। ਫਾਊਂਡੇਸ਼ਨ ਉਨ੍ਹਾਂ ਦੀ ਅਤਿ ਧੰਨਵਾਦੀ ਹੈ।

**(ਗੁਰਚਰਨ ਸਿੰਘ)**

**ਸਾਬਕਾ ਪ੍ਰਧਾਨ ਅਤੇ ਸੀ:ਵ: ਪ੍ਰਧਾਨ (ਹੈਡ:) ਬ.ਮ.ਸ.ਲ.ਫ., ਚੰਡੀਗੜ੍ਹ।**

# ਸਲਾਦ ਅਤੇ ਸਲਾਦੀ ਵਸਤਾਂ ਦੇ ਗੁਣ



ਹਰੀ, ਕੱਚੀ, ਤਾਜ਼ੀ ਸਾਗ, ਸਬਜ਼ੀ ਜਿਵੇਂ ਕਿ ਮੂਲੀ, ਗਾਜਰ, ਚੁਕੰਦਰ, ਟਮਾਟਰ, ਪਿਆਜ਼ ਆਦਿ ਨੂੰ ਮਿਲਾ ਕੇ ਸਲਾਦ ਤਿਆਰ ਕੀਤਾ ਜਾਂਦਾ ਹੈ। ਇਹ ਇਕੱਲਾ ਹੀ ਜਾਂ ਭੋਜਨ ਦੇ ਨਾਲ ਖਾਣ ਦੀ ਪੁਰਾਣੇ ਸਮੇਂ ਤੋਂ ਹੀ ਰੀਤ ਚਲੀ ਆ ਰਹੀ ਹੈ। ਤਾਜ਼ੀਆਂ ਅਤੇ ਹਰੀਆਂ ਤੇ ਕੱਚੀਆਂ ਸਾਗ ਸਬਜ਼ੀਆਂ ਵਿਚ ਵਿਟਾਮਿਨਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜੋ ਸਿਹਤ ਵਾਸਤੇ ਅੰਮ੍ਰਿਤ ਸਮਾਨ ਹੁੰਦੀਆਂ ਹਨ। ਕੁਦਰਤ ਨੇ ਸਾਨੂੰ ਜਿਉਣ ਵਾਸਤੇ ਬੇਅੰਤ ਪੌਸ਼ਟਿਕ ਆਹਾਰ ਦਿੱਤੇ ਹਨ ਜਿਸ ਵਿਚ ਹਰੀਆਂ ਬਨਸਪਤੀਆਂ, ਰਸਾਂ ਵਾਲੇ ਫਲ ਜੋ ਕਿ ਲਾਭਕਾਰੀ ਤੱਤਾਂ ਵਾਲੇ ਹੁੰਦੇ ਹਨ। ਸਾਡੇ ਰੋਜ਼ ਦੇ ਭੋਜਨ ਵਿਚ ਇਹ ਨਾ ਹੋਣ ਤਾਂ ਸਾਡਾ ਸਰੀਰ ਤੰਦਰੁਸਤ ਰਹਿਣਾ ਮੁਸ਼ਕਲ ਹੈ। ਸਰੀਰ ਦੇ ਵਿਕਾਸ ਵਾਸਤੇ ਕਾਰਬੋਹਾਈਡਰੇਟ ਅਤੇ ਤਾਪਮਾਨ ਵਾਸਤੇ ਚਿਕਨਾਈ ਦੀ ਲੋੜ ਹੁੰਦੀ ਹੈ ਇਨ੍ਹਾਂ ਤਿੰਨ ਪ੍ਰਕਾਰ ਦੇ ਤੱਤਾਂ ਨੂੰ ਮਿਲਾ ਕੇ ਹੀ ਤੰਦਰੁਸਤੀ ਪ੍ਰਾਪਤ ਕੀਤੀ ਜਾ ਸਕਦੀ ਹੈ, ਸਰੀਰ ਨੂੰ ਨਿਰੋਗ ਬਨਾਉਣ ਵਾਸਤੇ ਸੰਤੁਲਨ ਭੋਜਨ ਜ਼ਰੂਰੀ ਹੈ। ਫਲ ਅਤੇ ਸਬਜ਼ੀਆਂ ਦੀ ਵਰਤੋਂ ਨਾਲ ਸਰੀਰ ਵਿਚ ਪੌਸ਼ਟਿਕ ਤੱਤਾਂ ਦੀ ਕਮੀ ਨਹੀਂ ਹੁੰਦੀ ਅਤੇ ਸਰੀਰ ਵਿਚ ਰੋਗਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਵਧਦੀ ਹੈ। ਅੱਜ ਦੇ ਯੁੱਗ ਵਿਚ ਹਰੀਆਂ ਸਬਜ਼ੀਆਂ-ਭਾਜੀਆਂ ਦੀ ਜੋ ਵਰਤੋਂ ਕੀਤੀ ਜਾਂਦੀ ਹੈ ਉਹ ਮਿਰਚ-ਮਸਾਲਿਆਂ ਨਾਲ ਅੱਗ ਤੇ ਪਕਾਏ ਜਾਂਦੇ ਹਨ ਜਿਸ ਕਰਕੇ ਸਾਨੂੰ ਪ੍ਰਾਪਤ ਵਿਟਾਮਿਨ ਨਹੀਂ ਮਿਲਦੇ ਕਿਉਂਕਿ ਇਨ੍ਹਾਂ ਦੇ ਜ਼ਿਆਦਾ ਅੰਸ਼ ਅਗਨੀ ਵਿਚ ਜਲ ਕੇ ਖਤਮ ਹੋ ਜਾਂਦੇ ਹਨ। ਸਾਗ ਸਬਜ਼ੀਆਂ ਵਿਚ ਜ਼ਿਆਦਾ ਅੰਸ਼ ਐਸੀ ਹੁੰਦੀ ਹੈ। ਇਨ੍ਹਾਂ ਨੂੰ ਕੱਚਾ ਹੀ ਖਾਇਆ ਜਾ ਸਕਦਾ ਹੈ ਅੱਗ ਤੇ ਪਕਾਈਆਂ ਸਬਜ਼ੀਆਂ ਦੇ ਮੁਕਾਬਲੇ ਬਹੁਤ ਲਾਭਕਾਰੀ ਹੁੰਦੇ ਹਨ। ਫਲਾਂ ਅਤੇ ਸਬਜ਼ੀਆਂ ਦੇ ਜਲ (ਤਰਕਾਰੀ) ਤੰਦਰੁਸਤੀ ਲਈ ਬਹੁਤ ਹੀ ਦੁਰਲੱਭ ਹੈ। ਇਹ ਕੇਵਲ ਖਣਿਜ ਲਵਨ ਹੀ ਅਨੁਪ੍ਰਦਾਨ ਨਹੀਂ ਕਰਦਾ ਬਲਕਿ ਵਿਟਾਮਿਨਜ਼ ਤੰਦਰੁਸਤੀ ਲਈ, ਸਿਹਤ ਦੀ ਰੱਖਿਆ, ਨਾਲ-ਨਾਲ ਸਰੀਰ ਦੀ ਅੰਦਰੋਂ ਸਫ਼ਾਈ ਵੀ ਕਰਦਾ ਹੈ। ਖੋਜ 'ਚੋਂ ਪਤਾ ਲੱਗਾ ਹੈ ਕਿ ਆਦਿ ਵਾਸੀਆਂ ਨੂੰ ਸਬਜ਼ੀਆਂ ਬਗੈਰਾ ਕੱਚਾ ਖਾਣ ਦੀ ਆਦਤ ਸੀ ਜਿਸ ਕਰਕੇ ਉਨ੍ਹਾਂ ਦਾ ਸਰੀਰ ਮਜ਼ਬੂਤ ਤੇ ਦੰਦ ਵੀ ਮਜ਼ਬੂਤ ਹੁੰਦੇ ਸਨ। ਭੋਜਨ ਸ਼ਾਸਤਰੀਆਂ ਦਾ ਮੱਤ ਹੈ, ਸਰੀਰ ਨੂੰ ਤੰਦਰੁਸਤ ਰੱਖਣ ਵਾਸਤੇ ਮਨੁੱਖ ਦੇ ਭੋਜਨ ਵਿਚ 50% ਖਾਦ ਪਦਾਰਥ ਹੋਣੇ ਚਾਹੀਦੇ ਹਨ ਜੋ ਕਿ ਅੱਗ ਤੇ ਨਾ ਪਕਾਏ ਹੋਣ ਇਸ ਵਾਸਤੇ ਸਾਨੂੰ ਸਲਾਦ ਦਾ ਵੱਧ ਤੋਂ ਵੱਧ ਸੇਵਨ ਕਰਨਾ ਚਾਹੀਦਾ ਹੈ। ਜੇ ਮਨੁੱਖ ਤਾਜ਼ੀਆਂ ਸਬਜ਼ੀਆਂ ਅਤੇ ਫਲਾਂ ਦੀ ਸਲਾਦ ਦੇ ਰੂਪ ਵਿਚ ਵਰਤੋਂ ਕਰੇ ਤਾਂ ਭੋਜਨ ਦਾ ਸੁਆਦ ਹੀ ਨਹੀਂ ਵਧੇਗਾ, ਚਮੜੀ ਦੀ ਚਿਕਨਾਈ ਵੀ ਬਣੀ ਰਹੇਗੀ। ਖ਼ੂਨ ਸ਼ੁੱਧ ਹੋਵੇਗਾ, ਖ਼ੂਨ ਦੀ ਕਮੀ ਨਹੀਂ ਹੋਵੇਗੀ। ਰੋਗਾਂ ਤੋਂ ਵੀ ਬਚਿਆ ਜਾ ਸਕਦਾ ਹੈ। ਸਲਾਦ ਉਨ੍ਹਾਂ ਚੀਜ਼ਾਂ ਦਾ ਬਣਾਇਆ ਜਾ ਸਕਦਾ ਹੈ ਜਿਹੜੀਆਂ ਮੌਸਮ ਅਨੁਸਾਰ ਮਿਲ ਸਕਦੀਆਂ ਹਨ ਮੌਸਮੀ ਹੋਣ ਕਰਕੇ ਸਸਤੀ ਤੇ ਸੌਖੀਆਂ ਮਿਲ ਜਾਂਦੀਆਂ ਹਨ। ਸਲਾਦ ਵਾਸਤੇ ਪੌਦਿਆਂ ਦੇ ਸਾਰੇ ਅੰਗ ਜੜ੍ਹਾਂ, ਪੱਤੇ ਜਾਂ ਫਲ ਜ਼ਰੂਰੀ ਹੁੰਦੇ ਹਨ। ਇਸ ਵਾਸਤੇ ਟਮਾਟਰ, ਗਾਜ਼ਰ, ਪਿਆਜ਼, ਮੂਲੀ, ਮੂਲੀ ਦੇ ਪੱਤੇ, ਧਨੀਆਂ ਜਾਂ ਪੁਦੀਨੇ ਦੇ ਪੱਤੇ, ਚੁਕੰਦਰ, ਅਮਰੂਦ, ਕੇਲੇ ਦੇ ਟੁਕੜੇ, ਖੀਰਾ, ਕੱਕੜੀ ਆਦਿ ਫਲ ਜਾਂ ਸਬਜ਼ੀਆਂ ਲਈਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਵਰਤੋਂ ਵਾਸਤੇ ਛੋਟੇ-ਛੋਟੇ ਟੁਕੜੇ ਗੋਲ-ਗੋਲ ਕੱਟ ਕੇ ਜਾਂ ਕੱਦੂਕਸ਼ ਕਰਕੇ ਨਮਕ, ਅਦਰਕ ਜਾਂ ਨਿੰਬੂ ਦਾ ਰਸ ਆਦਿ ਲਾ ਕੇ ਰੁਚੀਕਾਰਕ ਬਣਾ ਲਿਆ ਜਾਂਦਾ ਹੈ। ਵੈਸੇ ਫਲ ਬਹੁਤ ਮਹਿੰਗੇ ਹੁੰਦੇ ਹਨ ਹਰ ਇਕ ਖਰੀਦ ਨਹੀਂ ਸਕਦਾ। ਤੰਦਰੁਸਤੀ ਵਾਸਤੇ ਭੋਜਨ ਵਿਚ ਪੱਕੀਆਂ ਤਲੀਆਂ ਚੀਜ਼ਾਂ ਦੇ ਨਾਲ-ਨਾਲ ਕੁਝ ਕੱਚੀਆਂ ਚੀਜ਼ਾਂ ਦਾ ਖਾਣਾ ਜ਼ਰੂਰੀ ਹੈ। ਸਲਾਦ ਹਰ ਇਕ ਵਾਸਤੇ ਸੌਖਾ ਤੇ ਸਸਤਾ ਹੈ ਇਸ ਨੂੰ ਭੋਜਨ ਨਾਲ ਮਿਲਾ ਕੇ ਸੰਤੁਲਤ ਬਣਾਉਣ ਵਾਸਤੇ ਸਫਲ ਹੋ ਸਕਦਾ ਹੈ ਇਕ ਅੱਛੇ ਸਲਾਦ ਵਿਚ ਕੰਮ ਆਉਣ ਵਾਲੇ ਪੌਸ਼ਟਿਕ ਤੱਤ ਹੇਠਾਂ ਲਿਖੇ ਗਏ ਹਨ ਜਿਵੇਂ ਕਿ -

1. **ਹਰੇ ਪੱਤੇ** - ਸਲਾਦ ਵਾਸਤੇ ਮੂਲੀ, ਚੁਕੰਦਰ ਜਾਂ ਸ਼ਲਗਮ ਦੇ ਹਰੇ ਪੱਤੇ ਵਰਤੋਂ ਯੋਗ ਹੁੰਦੇ ਹਨ। ਇਨ੍ਹਾਂ ਵਿਚ ਪ੍ਰੋਟੀਨ, ਕਾਰਬੋਹਾਈਡਰੇਟ,

ਖਣਿਜ ਪਦਾਰਥ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ, ਫਾਸਫੋਰਸ ਅਤੇ ਗੰਧਕ ਆਦਿ ਪ੍ਰਮੁੱਖ ਰੂਪ ਵਿਚ ਮਿਲਦੇ ਹਨ। ਇਸ ਤੋਂ ਇਲਾਵਾ ਆਇਓਡੀਨ ਵੀ ਪਾਈ ਜਾਂਦੀ ਹੈ। ਇਨ੍ਹਾਂ ਵਿਚੋਂ ਪ੍ਰਾਪਤ ਕੈਲਸ਼ੀਅਮ ਦੀ ਮਾਤਰਾ ਪਾਚਣਕਾਰੀ ਹੁੰਦੀ ਹੈ। ਇਨ੍ਹਾਂ ਵਿਚ ਵਿਟਾਮਿਨ ਏ, ਬੀ, ਸੀ ਮੁੱਖ ਰੂਪ ਵਿਚ ਮਿਲਦੇ ਹਨ।



2. **ਗਾਜਰ** - ਇਸਨੂੰ ਅੰਗਰੇਜ਼ੀ ਵਿਚ ਕੈਰਟ ਕਹਿੰਦੇ ਹਨ, ਇਸ ਵਿਚ ਕੈਰੋਟੀਨ ਬਹੁਤ ਜ਼ਿਆਦਾ ਮਾਤਰਾ ਵਿਚ ਮੌਜੂਦ ਰਹਿੰਦੇ ਹਨ। ਇਸ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਚਿਕਨਾਈ, ਖਣਿਜ ਪਦਾਰਥ, ਕੈਲਸ਼ੀਅਮ, ਫਾਸਫੋਰਸ ਅਤੇ ਆਇਰਨ ਦੀ ਮਾਤਰਾ ਹੁੰਦੀ ਹੈ। ਇਸ ਤੋਂ ਇਲਾਵਾ ਵਿਟਾਮਿਨ ਏ ਤੇ ਬੀ ਕਾਫੀ ਮਾਤਰਾ ਵਿਚ ਹੁੰਦੀ ਹੈ।

***ਗੁਣ*** - ਗਾਜਰ ਨਾਲ ਦਿਮਾਗ਼ ਦੀਆਂ ਨਾੜੀਆਂ ਨੂੰ ਤਾਕਤ ਮਿਲਦੀ ਹੈ। ਇਸ ਨਾਲ ਖ਼ੂਨ ਤੇ ਪਿਸ਼ਾਬ ਸਾਫ਼ ਹੁੰਦਾ ਹੈ। ਇਸ ਨਾਲ ਪਿਸ਼ਾਬ ਰਾਹੀਂ ਯੂਰਿਕ ਐਸਿਡ ਨਾਮਕ ਜ਼ਹਿਰੀਲਾ ਪਦਾਰਥ ਸਰੀਰ 'ਚੋਂ ਬਾਹਰ ਨਿਕਲ ਜਾਂਦਾ ਹੈ। ਗਾਜਰ ਦਾ ਪ੍ਰਯੋਗ ਸਰੀਰ ਦੇ ਅੰਦਰ ਪੇਟ ਦੇ ਕੀੜੇ ਬਾਹਰ ਕੱਢਣ ਵਿਚ ਸਹਾਇਕ ਹੈ, ਇਹ ਕਾਮ ਉਤੇਜਕ ਤੇ ਤਾਕਤਵਰ ਹੈ।

3. **ਮੂਲੀ** - ਵਿਟਾਮਿਨ ਏ ਨੂੰ ਛੱਡ ਕੇ ਇਹ ਸਭ ਵਿਟਾਮਿਨ ਅਤੇ ਖਣਿਜ ਪਦਾਰਥ ਦੇਣ ਵਿਚ ਉੱਤਮ ਹੈ। ਵਿਟਾਮਿਨ ਏ ਇਸ ਵਿਚ ਘੱਟ ਹੁੰਦਾ ਹੈ ਪਰ ਆਇਰਨ, ਫਾਸਫੋਰਸ, ਗੰਧਕ, ਕੈਲਸ਼ੀਅਮ ਪੂਰੀ ਮਾਤਰਾ ਵਿਚ ਪਾਏ ਜਾਂਦੇ ਹਨ।

***ਗੁਣ*** - ਇਹ ਪੇਟ ਅਤੇ ਪਿਸ਼ਾਬ ਨੂੰ ਸਾਫ਼ ਰੱਖਦੀ ਹੈ ਕਫ਼ ਨੂੰ ਦੂਰ ਕਰਦੀ ਹੈ, ਜਿਗਰ ਦੀ ਕਿਰਿਆ ਨੂੰ ਵਧਾਉਂਦੀ ਹੈ। ਮੂਲੀ ਪੀਲੀਆ, ਪੇਟ ਗੈਸ, ਬਵਾਸੀਰ, ਪਿਸ਼ਾਬ ਸਬੰਧੀ ਰੋਗਾਂ ਵਿਚ ਲਾਭਕਾਰੀ ਹੈ।

4. **ਟਮਾਟਰ** - ਪੱਕੇ ਲਾਲ ਸਖ਼ਤ ਟਮਾਟਰ ਸਲਾਦ ਬਣਾਉਣ ਵਿਚ ਕੰਮ ਆਉਂਦੇ ਹਨ, ਕਿਹਾ ਜਾਂਦਾ ਹੈ ਕਿ ਲਾਲ ਟਮਾਟਰ ਰੋਜ਼ ਕੱਚੀ ਹਾਲਤ ਵਿਚ ਖਾਣ ਨਾਲ ਚਿਹਰਾ ਟਮਾਟਰ ਵਰਗਾ ਲਾਲ ਹੋ ਜਾਂਦਾ ਹੈ। ਟਮਾਟਰ ਖਾਣ ਨਾਲ ਭੁੱਖ ਵਧਦੀ ਹੈ ਤੇ ਤਾਜ਼ਗੀ ਆ ਜਾਂਦੀ ਹੈ। ਇਸ ਵਿਚ ਖਣਿਜ ਪਦਾਰਥ ਕੈਲਸ਼ੀਅਮ, ਫਾਸਫੋਰਸ, ਆਇਰਨ ਵੀ ਕੁੱਝ ਮਾਤਰਾ ਵਿਚ ਪ੍ਰਾਪਤ ਹੁੰਦੀ ਹੈ ਅਤੇ ਇਸ ਵਿਚ ਵਿਟਾਮਿਨ ਸੀ ਭਰਪੂਰ ਮਾਤਰਾ ਵਿਚ ਹੁੰਦੀ ਹੈ। ਪੱਕੇ ਟਮਾਟਰ ਵਿਚ ਗੁਲੂਕੋਸ ਵੀ ਪਾਇਆ ਜਾਂਦਾ ਹੈ।

5. **ਪਿਆਜ਼** - ਇਸ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਚਿਕਨਾਈ, ਕੈਲਸ਼ੀਅਮ, ਫਾਸਫੋਰਸ, ਆਇਰਨ ਦੀ ਮਾਤਰਾ ਹੁੰਦੀ ਹੈ। ਵਿਟਾਮਿਨ ਏ, ਬੀ ਅਤੇ ਸੀ ਦੀ ਪੂਰੀ ਮਾਤਰਾ ਪ੍ਰਾਪਤ ਹੁੰਦੀ ਹੈ।

***ਗੁਣ*** - ਠੀਕ ਮਾਤਰਾ ਵਿਚ ਪਿਆਜ਼ ਦੀ ਵਰਤੋਂ ਨਾਲ ਪਾਚਣ ਸ਼ਕਤੀ ਵਧਦੀ ਹੈ, ਕਫ਼ ਤੇ ਸਰਦੀ ਦੂਰ ਹੁੰਦੀ ਹੈ ਇਹ ਜਯੁਕਤ (ਲਿਵਰ) ਦੀ ਕਿਰਿਆ ਨੂੰ ਵਧਾਉਂਦਾ ਹੈ। ਪਿਆਜ਼ ਦੀ ਵਰਤੋਂ ਨਾਲ ਪਿਸ਼ਾਬ ਸਾਫ਼ ਹੁੰਦਾ ਹੈ। ਆਮ ਰਸ (ਪੇਟ ਦਾ ਕੱਚਾ ਰਸ) ਅਤੇ ਅਫਰੇਵੇਂ ਲਈ ਗੁਣਕਾਰੀ ਹੈ। ਪਿਆਜ਼ ਚਮੜੀ ਰੋਗਾਂ ਵਿਚ ਫਾਇਦਾ ਦਿੰਦਾ ਹੈ।

6. **ਨਿੰਬੂ** - ਵਿਟਾਮਿਨ ਸੀ ਦੇ ਕਾਰਨ ਇਸਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਸਾਈਟਰਿਕ, ਫਾਸਫੋਰਸ ਅਤੇ ਮੈਲਿਕ ਐਸਿਡ ਪਾਇਆ ਜਾਂਦਾ ਹੈ।

***ਗੁਣ*** - ਇਹ ਰਕਤ ਸੋਧਕ, ਪਿੱਤ ਨਾਸ਼ਕ (ਗਰਮੀ) ਪਾਚਣ ਸ਼ਕਤੀ ਨੂੰ ਵਧਾਉਣ ਵਾਲਾ ਹੁੰਦਾ ਹੈ। ਕਾਗ਼ਜ਼ੀ ਨਿੰਬੂ ਦੀ ਵਰਤੋਂ ਨਾਲ ਰੁਚੀ ਵਧਦੀ ਹੈ, ਕ੍ਰਿਮ (Germ) ਨਾਸ਼ਕ ਹੈ ਇਹ ਤਾਜ਼ਗੀ ਪਹੁੰਚਾਉਂਦਾ ਹੈ।

7. **ਹਰੀ ਮਿਰਚ** - ਇਸ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਵਸਾ ਅਤੇ ਖਣਿਜ ਪਦਾਰਥ ਹੁੰਦੇ ਹਨ। ਖਣਿਜ, ਕੈਲਸ਼ੀਅਮ, ਫਾਸਫੋਰਸ, ਆਇਰਨ ਇਸ ਵਿਚ ਹੁੰਦੇ ਹਨ। ਵਿਟਾਮਿਨਾਂ ਵਿਚੋਂ ਏ, ਬੀ, ਸੀ ਮੁੱਖ ਮੌਜੂਦ ਰੂਪ ਵਿਚ ਹੁੰਦੇ ਹਨ।

***ਗੁਣ*** - ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਮਿਰਚ ਦੀ ਵਰਤੋਂ ਪਾਚਣ ਵਿਚ ਸਹਾਇਕ ਅਤੇ ਕ੍ਰਿਮ (Germ) ਨਾਸ਼ਕ ਹੈ। ਇਹ ਕਾਮਉਤੇਜਕ ਹੁੰਦੀ ਹੈ, ਇਸਦੇ ਖਾਣ ਨਾਲ ਪਿਸ਼ਾਬ ਖੁੱਲ੍ਹ ਕੇ ਅਤੇ ਸਾਫ਼ ਹੁੰਦਾ ਹੈ। ਇਸ ਨਾਲ ਖ਼ੂਨ ਵਿਚ ਪੌਸ਼ਟਿਕ ਤੱਤ ਪ੍ਰਦਾਨ ਹੁੰਦਾ ਹੈ।

8. **ਅਦਰਕ** - ਇਸ ਦੀ ਵਰਤੋਂ ਸੁਗੰਧ ਅਤੇ ਸੁਆਦ ਲਈ ਕੀਤੀ ਜਾਂਦੀ ਹੈ।

***ਗੁਣ*** - ਅਗਨੀ ਦੀਪਣ ਪਾਚਣ ਬਣਾਉਂਦਾ ਹੈ। ਪੇਟ ਵਾਯੂ ਦੇ ਫੁੱਲਣ ਕਾਰਨ ਵਿਚ ਬਹੁਤ ਸਹਾਇਕ ਹੈ, ਰੁਚੀਵਰਧਕ ਹੈ।

ਉਪਰੋਕਤ ਲੇਖ ਤੋਂ ਜਾਣਕਾਰੀ ਮਿਲਦੀ ਹੈ ਕਿ ਸਲਾਦ ਦੀ ਵਰਤੋਂ ਨਾਲ ਅਸੀਂ ਆਪਣੇ ਸਰੀਰ ਨੂੰ ਪੌਸ਼ਟਿਕ ਤੱਤਾਂ ਦੀ ਪੂਰੀ ਮਾਤਰਾ ਪ੍ਰਦਾਨ ਕਰਾਉਂਦੇ ਹਾਂ। ਸਲਾਦ ਨੂੰ ਹੋਰ ਸੁਆਦਿਸ਼ਟ ਬਣਾਉਣ ਲਈ ਪੂਰਕ ਵਸਤੂਆਂ ਨੂੰ ਮਿਲਾਇਆ ਜਾ ਸਕਦਾ ਹੈ।

# ਚੋਰ

**ਸਤਵਿੰਦਰ ਸਿੰਘ ਬੇਗੋਵਾਲੀਆ**

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**



**ਸਤਵਿੰਦਰ ਸਿੰਘ ਬੇਗੋਵਾਲੀਆ**

ਧੁੰਨਾ : ਐਥੋਂ ਤਾਂ ਤੈਨੂੰ ਪੰਜ-ਪੰਜ ਸੌ ਵਾਲੇ ਹੀ ਨੋਟ ਮਿਲਣਗੇ।

ਚੋਰ : ਜਿਸ ਘਰ ਭੰਗ ਭੁੱਜਦੀ ਹੋਵੇ ਉਥੇ ਨੋਟ ਕਿਥੋਂ?

ਧੁੰਨਾ : ਚੰਗਾ ਭੰਗ ਈ ਲੈ ਜਾ।

ਚੋਰ : ਮੈਂ ਭੰਗੀ ਨਹੀਂ ਬੁੱਢਿਆ।

ਧੁੰਨਾ : ਚੱਲ ਕੰਗਾਲੀ ਹੀ ਲੈ ਜਾ, ਇਹ ਘੱਟ ਜਾਏ ਤਾਂ ਅਸੀਂ ਵੀ ਕੋਈ ਚੰਗਾ ਦਿਨ ਵੇਖ ਲਈਏ।

ਚੋਰ : ਮੈਂ ਖ਼ੁੱਦ ਕੰਗਾਲ ਆਂ।

ਧੁੰਨਾ : ਭੁੱਖ ਈ ਲੈ ਜਾ।

ਚੋਰ : ਮੈਂ ਖ਼ੁਦ ਭੁੱਖਾਂ ਦਾ ਮਾਰਿਆ ਫਿਰਦਾਂ।

ਧੁੰਨਾ : ਤੂੰ ਤਾਂ ਅਮੀਰ ਜਾਪਦੈਂ ਭਰਾਵਾ।

ਚੋਰ : ਕਿਹੜਾ ਖੋਤੇ ਦਾ ਖੁਰ ਮੈਨੂੰ ਅਮੀਰ ਕਹਿੰਦੈ?

ਧੁੰਨਾ : ਤੇਰਾ ਪਿਸਟਲ ਵੇਖ ਕੇ ਇੰਜ ਈ ਜਾਪਦੈ। ਕਿੰਨੇ ਕੁ ਦਾ ਹੋਏਗਾ ਤੇਰਾ ਆਹ ਪਿਸਟਲ?

ਚੋਰ : ਪਿਸਟਲ? (ਹੱਸਦਾ ਹੈ) ਵੀਹ ਰੁਪਏ ਦਾ, ਖਿਡੌਣਾ ਹੈ ਖਿਡੌਣਾ। ਪਰ ਇਸ ਖਿਡੌਣੇ ਨਾਲ ਅਸਲੀ ਪਿਸਟਲ ਜ਼ਰੂਰ ਲੁੱਟਾਂਗਾ। (ਧੰਨਾ ਖੰਘਦਾ ਹੈ) ਬਿਮਾਰ ਏਂ?

ਧੁੰਨਾ : ਆਹੋ ਭਰਾਵਾ, ਜਾਂਦਾ-ਜਾਂਦਾ ਬਿਮਾਰੀ ਈ ਇਸ ਘਰੋਂ ਲੈ ਜਾ।

ਚੋਰ : ਤੇਰੇ ਅਕਲ ਦੇ ਗੇੜੇ ਪੁੱਠੇ ਪਏ ਚਲਦੇ ਨੇ। ਮੇਰੀ ਮਾਂ ਬਿਮਾਰ ਏ, ਹਾਲਤ ਬਹੁਤੀ ਖਰਾਬ ਏ, ਉਹਨੂੰ ਸ਼ਹਿਰ ਦੇ ਡਾਕਟਰ ਕੋਲ ਲੈ ਕੇ ਜਾਣਾ ਪੈਣੈ। ਮਾਂ ਦਾ ਓਪਰੇਸ਼ਨ ਕਰੌਣਾ ਪਵੇਗਾ, ਮੈਨੂੰ ਪੰਜਾਹ ਹਜ਼ਾਰ ਦੀ ਡਾਹਢੀ ਲੋੜ ਏ।

ਧੁੰਨਾ : ਤੂੰ ਕੋਈ ਕੰਮ ਧੰਦਾ ਨਹੀਂ ਕਰਦਾ?

ਚੋਰ : ਬਥੇਰੇ ਪਾਪੜ ਵੇਲ ਵੇਲ ਵੇਖ ਲਏ ਪਰ ਸਾਡੇ 'ਤੇ ਕਰਜ਼ੇ ਦੀ ਤਲਵਾਰ ਲਟਕਦੀ ਰਹੀ। ਸਾਡਾ ਪਿਓ ਚੰਗੇ ਦਿਨਾਂ ਦੇ ਸੁਫ਼ਨੇ ਲੈਂਦਾ-ਲੈਂਦਾ ਫੱਟੇ 'ਤੇ ਜਾ ਪਿਐ। ਮਾਂ ਦੀ ਬਿਮਾਰੀ ਪਿੰਡ ਦੇ ਡਾਕਟਰਾਂ ਤੋਂ ਕਾਬੂ ਨਹੀਂ ਆਈ। ਹੁਣ ਦੱਸ ਮੈਂ ਚੋਰੀ ਨਾ ਕਰਾਂ ਤਾਂ ਹੋਰ ਕੀ ਕਰਾਂ?

ਧੁੰਨਾ : ਮੈਂ ਵੀ ਚੰਗੇ ਦਿਨਾਂ ਦੇ ਸੁਫ਼ਨੇ ਲੈਂਦਾ-ਲੈਂਦਾ ਇਹਨਾਂ ਦਿਨਾਂ 'ਤੇ ਆ ਗਿਆਂ। ਸੋਚਿਆ ਸੀ ਸਾਡੇ ਦਿਨ ਵੀ ਫਿਰਨਗੇ।

ਚੋਰ : (ਮਖੌਲ ਕਰਦਾ ਹੋਇਆ) ਆਹੋ ਤੇਰੇ ਦਿਨ ਜ਼ਰੂਰ ਫਿਰਨਗੇ ਤੇ ਨਾਲ ਲੱਗਦੇ ਰਾਤਾਂ ਵੀ ਫਿਰਨਗੀਆਂ ਮੰਜੇ 'ਤੇ ਪਏ ਪਏ ਦੀਆਂ! ਮੈਂ ਚੱਲਿਆਂ, ਕਿੰਨਾ ਕੀਮਤੀ ਵਕਤ ਬਰਬਾਦ ਕਰ ਲਿਐ, ਭੁਲੇਖੇ ਨਾਲ ਇਸ ਘਰ 'ਚ ਆ ਗਿਆਂ।

ਧੁੰਨਾ : ਭਰਾਵਾ, ਜਾਂਦਾ-ਜਾਂਦਾ ਇਹ ਜ਼ਰੂਰ ਦੱਸ ਜਾ ਬੰਦੇ ਦੇ ਦਿਨ ਕਿਵੇਂ ਫਿਰ ਸਕਦੇ ਨੇ?

ਚੋਰ : (ਪਿਸਟਲ ਵਿਖਾਉਂਦਾ ਹੋਇਆ) ਇਹਦੇ ਨਾਲ। ਲੈ ਆਹ ਤੂੰ ਰੱਖ ਲੈ।

(ਚੋਰ ਪਿਸਟਲ ਨੂੰ ਧੁੰਨੇ ਦੀ ਮੰਜੀ 'ਤੇ ਰੱਖ ਦਿੰਦਾ ਹੈ, ਮਿੰਦਰੋ ਆਉਂਦੀ ਹੈ ਅਤੇ ਚੋਰ ਨੂੰ ਵੇਖ ਕੇ ਡਰ ਜਾਂਦੀ ਹੈ। ਚੋਰ ਬਾਹਰ ਚਲੇ ਜਾਂਦਾ ਹੈ)

ਮਿੰਦਰੋ : (ਡਰੀ ਆਵਾਜ਼ ਵਿਚ) ਉਹ ਬੰਦਾ ਚੋਰ ਸੀ?

ਧੁੰਨਾ : ਆਹੋ ਚੋਰ ਸੀ।

| | | |
|---|---|---|
| ਮਿੰਦਰੋ | : | ਮੈਂ ਉਹਨੂੰ ਵੇਖਿਆ ਈ ਸੀ ਤੇ ਉਹ ਡਰ ਕੇ ਦੌੜ ਗਿਆ। |
| ਧੁੰਨਾ | : | (ਮਖੌਲ ਨਾਲ) ਆਹੋ ਤੇਰੇ ਕੋਲੋਂ ਡਰ ਕੇ ਦੌੜ ਗਿਐ। ਚੋਰ ਨੂੰ ਪਤਾ ਲੱਗ ਗਿਆ ਸੀ ਝਾਂਸੀ ਦੀ ਰਾਣੀ ਸ਼ਾਸਤਰਾਂ ਨਾਲ ਲੈਸ ਹੋ ਕੇ ਮੈਦਾਨੇ ਜੰਗ ਆਈ ਏ! |
| ਮਿੰਦਰੋ | : | ਗੱਲ ਨੂੰ ਮਖ਼ੌਲ ਵਿਚ ਨਾ ਪਾ, ਸਾਡੀ ਕੋਈ ਚੀਜ਼ ਤਾਂ ਨਹੀਂ ਚੁੱਕ ਕੇ ਲੈ ਗਿਆ? |
| ਧੰਨਾ | : | ਤੇਰੇ ਗਲੇ ਦਾ ਨੌਂ ਲੱਖਾ ਹਾਰ ਲਾਹ ਕੇ ਲੈ ਗਿਐ !ਆਪਣੇ ਆਪ ਨੂੰ ਕਿੱਡੀ ਰਾਣੀ ਸੁੰਦਰਾਂ ਸਮਝਦੀ ਏ! |
| ਮਿੰਦਰੋ | : | ਰਾਣੀ ਤਾਂ ਉਸੇ ਦਿਨ ਬਣ ਗਈ ਸੀ ਜਿਸ ਦਿਨ ਰਾਜੇ ਨਾਲ ਵਿਆਹੀ ਗਈ ਸੀ। |
| ਧੁੰਨਾ | : | ਮੈਂ ਵੀ ਰਾਜਾ ਬਣ ਸਕਣਾ, ਬਸ ਨਵਾਂ ਰੂਪ ਧਾਰਨ ਦੀ ਲੋੜ ਏ। |
| ਮਿੰਦਰੋ | : | ਜਦ ਖਊਂ-ਖਊਂ ਕਰਦੈਂ ਤਾਂ ਮੂੰਹ ਤੇ ਨਵਾਂ ਈ ਰੂਪ ਚੜ੍ਹ-ਚੜ੍ਹ ਆਉਂਦੈ ਰਾਜਿਆਂ ਵਾਂਗ। |
| ਧੁੰਨਾ | : | ਉਹ ਚੋਰ ਜਾਂਦਾ-ਜਾਂਦਾ ਤਰੀਕਾ ਦੱਸ ਗਿਐ ਕਿ ਬੰਦਾ ਅਮੀਰ ਕਿਵੇਂ ਹੋ ਸਕਦੈ? |
| ਮਿੰਦਰੋ | : | (ਹੈਰਾਨੀ ਵਿਚ) ਕਿਵੇਂ? |
| ਧੁੰਨਾ | : | ਚੋਰ ਬਣ ਕੇ। |
| ਮਿੰਦਰੋ | : | ਐਹੋ ਇਕ ਕੰਮ ਰਹਿ ਗਿਆ ਸੀ ਕਰਨ ਵਾਲਾ! ਇਹ ਵੀ ਕਰ ਲੈ, ਚੰਗੀ ਇੱਜ਼ਤ ਬਣੇਗੀ ਤੇਰੀ! |
| ਧੁੰਨਾ | : | ਅੱਗੇ ਤਾਂ ਮੇਰੇ ਸੱਤਵੇਂ ਅਸਮਾਨ ਵਿਚ ਝੰਡੇ ਝੂਲਦੇ ਪਏ ਨੇ ਜਿਹੜਾ ਇੱਜ਼ਤ ਵਿਚ ਫ਼ਰਕ ਪੈ ਚੱਲਿਐ। |
| ਮਿੰਦਰੋ | : | ਚੋਰ ਦੀ ਜ਼ਿੰਦਗੀ.....ਲੱਖ ਲਾਹਣਤ ਏ ਇਵੇਂ ਦੀ ਜ਼ਿੰਦਗੀ। |
| ਧੁੰਨਾ | : | ਤੇ ਲੱਖ ਸ਼ਾਬਾਸ਼ ਏ ਤੇਰੇ ਮੇਰੇ ਵਰਗਿਆਂ ਦੀ ਜ਼ਿੰਦਗੀ ਦਾ। ਸਾਰੀ ਜ਼ਿੰਦਗੀ ਨਿਕਲ ਚੱਲੀ ਏ, ਚਾਰ ਇੱਟਾਂ ਨਹੀਂ ਲਾ ਸਕਿਆ ਇਸ ਘਰ 'ਚ ਕਿਤੇ। ਇਹ ਕੋਠੜੀ ਸਾਡੇ ਬਾਬੇ ਦੀ ਬਣਾਈ ਹੋਈ ਏ ਜਦ ਜ਼ਮਾਨੇ ਭਲੇ ਸੀ, ਹੁਣ ਤਾਂ ਜਿਹੜੀ ਇੱਟ ਘਰ ਦੀ ਉਤਰਦੀ ਏ, ਉਹ ਮੁੜ ਕੇ ਸਾਡੇ ਤੋਂ ਨਹੀਂ ਲੱਗਦੀ। |
| ਮਿੰਦਰੋ | : | ਆਹ ਸਭ ਕਰਮਾਂ ਦੀ ਖੇਡ ਏ, ਕਿਸੇ ਜਨਮ 'ਚ ਮਾੜੇ ਕਰਮ ਕਰ ਬੈਠੇ ਆਂ ਜਿਹੜਾ ਫਲ ਭੁਗਤਦੇ ਪਏ ਆਂ। ਸਾਰਾ ਦਿਨ ਕੋਹਲੂ ਦੇ ਬੈਲ ਵਾਲੀ ਹਾਲਤ ਏ ਸਾਡੀ.....ਇਸ ਘਰੇ ਆ ਕੇ ਦੇਹ ਰੋਲ ਲਈ ਪਰ ਨਾ ਹਾੜ ਹਰੇ ਨਾ ਸਾਉਣ ਸੁੱਕੇ। ਕਰਮ ਜੁ ਖੋਟੇ ਸੀ..... |
| ਧੁੰਨਾ | : | ਤੂੰ ਕਰਮ ਸੰਵਾਰਨ ਗਈ ਤਾਂ ਸੀ ਜੋਤਸ਼ੀ ਕੋਲ। ਬਾਰਾਂ ਸੌ ਰੁਪਿਆ ਸੁੱਟ ਤਾਂ ਉਪਾਅ ਕਰੌਣ ਤੇ। ਜੋਤਸ਼ੀ ਐਡਾ ਖਚਰਾ ਏ ਕਿ ਅੱਖਾਂ ਨਾਲ ਗੱਲਾਂ ਕਰੀ ਜਾਂਦੈ। ਤੈਨੂੰ ਮੈਂ ਬਥੇਰਾ ਸਮਝਾਇਆ ਕਿ ਕੋਈ ਫੈਦਾ ਨਹੀਂ ਹੋਣਾ ਜੋਤਸ਼ੀ ਕੋਲ ਜਾਇਆਂ ਪਰ ਤੂੰ.....ਮੱਛੀ ਪੱਥਰ ਚੱਟ ਕੇ ਹੀ ਵਾਪਸ ਮੁੜਦੀ ਏ। |
| ਮਿੰਦਰੋ | : | ਬੰਦਾ ਹੱਥ ਪੈਰ ਤਾਂ ਮਾਰਦਾ ਈ ਏ ਕਿਤੇ ਸਾਡੀ ਕਿਸਮਤ ਨੂੰ ਮੋੜਾ ਪੈ ਜਾਏ। |
| ਧੁੰਨਾ | : | ਨਾਲੇ ਕਹਿਣੀ ਏ ਜੋ ਲਿਖਿਆ ਗਿਆ ਉਹਨੂੰ ਕੋਈ ਮੇਟ ਨਹੀਂ ਸਕਦਾ ਤੇ ਜੋਤਸ਼ੀ ਕਿਵੇਂ ਮੇਟ ਲਏਗਾ ਹੱਥਾਂ ਦੀਆਂ ਲਕੀਰਾਂ ਨੂੰ? ਸਾਡੀ ਕਿਸਮਤ ਵਿਚ ਧੱਕੇ ਲਿਖੇ ਨੇ, ਉਹ ਖਾਣੇ ਈ ਪੈਣੇ ਨੇ। ਉਹ ਜੋਤਸ਼ੀ ਐਵੇਂ ਰਾਮ ਰਾਮ ਪਿਆ ਕਰਦੈ, ਅਸਲ ਵਿਚ ਉਹ ਚੋਰ ਏ ਚੋਰ। |
| ਮਿੰਦਰੋ | : | ਤੈਨੂੰ ਤਾਂ ਸਾਰੇ ਚੋਰ ਈ ਨਜ਼ਰ ਆਉਂਦੇ ਨੇ, ਇੱਕ ਤੂੰ ਹੀ ਕੱਲਾ ਸਾਧ ਰਹਿ ਗਿਐਂ। |
| ਧੁੰਨਾ | : | ਮੈਨੂੰ ਸਾਧ ਨਾ ਬਣਾ, ਆਹ ਬੰਦਾ ਈ ਰਹਿਣ ਦੇ। |
| ਮਿੰਦਰੋ | : | ਤੂੰ ਬੰਦਾ ਬਣ ਕੇ ਤਾਂ ਵਿਖਾ। ਜਿਹੜਾ ਬੰਦਾ ਚੌਵੀ ਘੰਟੇ ਕਦੇ ਜੋਤਸ਼ੀਆਂ ਨੂੰ ਤੇ ਕਦੇ ਸ਼ਾਹਾਂ ਨੂੰ ਗਾਹਲਾਂ ਕੱਢੀ ਜਾਂਦੈ, ਤਾਹੀਓਂ ਉਹ ਭੁੱਖਾ ਮਰਦੈ। |
| ਧੁੰਨਾ | : | ਆਪਣੇ ਵੱਲ ਕਦੇ ਝਾਤੀ ਮਾਰੀ ਏ, ਸਿੱਖਿਆ ਮੈਨੂੰ ਦੇਂਦੀ ਏਂ। ਤੂੰ ਰੋਜ਼ ਆਟਾ ਲੈ ਕੇ ਗੁਰਦੁਆਰਾ ਮੱਥਾ ਟੇਕਣ ਜਾਂਦੀ ਏ, ਉਥੇ ਅੱਖਾਂ ਮੀਟ ਕੇ ਬਹਿ ਜਾਂਦੀ ਏ ਤੇ ਦੋ ਲਾਈਨਾਂ ਨਹੀਂ ਤੈਨੂੰ ਆਉਂਦੀਆਂ ਸੁਖਮਨੀ ਸਾਹਿਬ ਦੀਆਂ। ਮੋਟੀ ਗੋਗੜ ਵਾਲਾ ਭਾਈ ਜਦੋਂ ਤੁਰਦੈ, ਉਹਦੇ ਸਰੀਰ ਨੂੰ ਝੋਲ ਪੈਂਦੀ ਏ, ਪਾਠ ਕਰਦਾ ਕਰਦਾ ਈ ਸੌਂ ਜਾਂਦੈ ਗੁਰੂ ਗਰੰਥ ਸਾਹਿਬ ਤੇ, ਦੋ ਵਾਰੀ ਫੜਿਆ ਗਿਐ, ਮਾਫ਼ੀ ਮੰਗ ਕੇ ਖਲਾਸੀ ਕਰਾਈ ਉਹਨੇ। ਤੇਰੇ ਜਿਹੀਆਂ ਔਰਤਾਂ ਉਹਨੂੰ ਵੀ ਬਾਬਾ ਜੀ, ਬਾਬਾ ਜੀ ਕਹਿ ਕੇ ਹੱਥ ਜੋੜ ਕੇ ਸਾਸਰੀ ਕਾਲ ਬੋਲਦੀਆਂ ਨੇ। ਇਵੇਂ ਦੇ ਬਾਬਿਆਂ ਤੇ ਜੋਤਸ਼ੀਆਂ ਨਾਲੋਂ ਤਾਂ ਉਹ ਚੋਰ ਹੀ ਚੰਗਾ ਸੀ। |
| ਮਿੰਦਰੋ | : | ਉਹ ਮਰ ਜਾਣਾ ਕਿਵੇਂ ਚੰਗਾ ਸੀ ਜਿਹੜਾ ਰਾਤ ਨੂੰ ਲੋਕਾਂ ਨੂੰ ਡਰਾਉਂਦਾ ਫਿਰਦੈ। ਆਪ ਤਾਂ ਉਹਨੂੰ ਕੋਈ ਸ਼ਾਂਤੀ ਨਹੀਂ, ਸਗੋਂ ਲੋਕਾਂ ਦੀ ਨੀਂਦ ਵੀ ਹਰਾਮ ਕਰੀ ਫਿਰਦੈ। |
| ਧੁੰਨਾ | : | ਉਹ ਮਜ਼ਬੂਰੀ ਦਾ ਮਾਰਿਆ ਚੋਰੀ ਕਰਦਾ ਪਿਐ, ਕੋਈ ਮਹਿਲ ਚੁਬਾਰੇ ਖੜ੍ਹੇ ਕਰਨ ਲਈ ਨਹੀਂ ਚੋਰ ਬਣਿਐ। ਉਹਦੀ ਮਾਂ ਬਿਮਾਰ ਏ, ਜਿਹਦਾ ਅਪਰੇਸ਼ਨ ਸ਼ਹਿਰ ਹੋਣਾ ਏ। ਤੂੰ ਆਹ ਦੱਸ ਜੇ ਉਹ ਚੋਰੀ ਨਾ ਕਰੇ ਤਾਂ ਹੋਰ ਮਾਂ ਨੂੰ ਮਰਨ ਦੇਵੇ ਰੱਬ ਆਸਰੇ ਛੱਡ ਕੇ। ਇਸ ਕਰਕੇ ਮੈਂ ਕਹਿਣਾਂ ਉਸ ਰਾਤ ਦੇ ਚੋਰ ਨਾਲੋਂ ਦਿਨ ਦੇ ਚੋਰ ਵੱਧ ਖ਼ਤਰਨਾਕ ਹੁੰਦੇ ਨੇ। **(ਚਲਦਾ)** |

# ਕਾਵਿ-ਕਿਆਰੀ

(ਲਫ਼ਜ਼ਾਂ ਦੀ ਲੋਏ ਲੋਏ)

## ਮਹਾਂਬਲੀ/ਹਰਬਖ਼ਸ਼ ਸਿੰਘ ਟਾਹਲੀ



ਅਰਜਨ ਯੋਧਾ ਇਸ ਕਰਕੇ ਨਹੀਂ ਸੀ
ਕਿ ਉਸ ਨੇ ਮਾਰ ਦਿੱਤੇ ਸਨ
ਕਈ ਮਹਾਂਬਲੀ ਸੂਰਮੇ
ਰਾਜੇ ਮਹਾਰਾਜੇ ਅਤੇ ਰਿਹਾ ਸੀ ਅਡੋਲ
ਅਰਜਨ ਤਾਂ ਯੋਧਾ ਸੀ ਇਸ ਕਰਕੇ
ਕਿ ਉਸ ਨੇ ਦੇਖਿਆ ਸੀ
ਕੁਰੂਕਸ਼ੇਤਰ ਦੇ ਮੈਦਾਨ ਵਿਚ
ਬ੍ਰਹਮ ਦਾ ਵਿਰਾਟ ਸਰੂਪ
ਉਸ ਨੇ ਦੇਖਿਆ ਸੀ ਸਾਰਾ ਆਕਾਸ਼
ਜਿਸ ਵਿਚ ਕਈ ਸੂਰਜ
ਟਿਮਟਿਮਾਉਂਦੇ ਸਨ ਤਾਰਿਆਂ ਵਾਂਗੂ
ਉਸ ਨੇ ਦੇਖੀਆਂ ਸਨ
ਕਈ ਧਰਤੀਆਂ ਉਭਦੀਆਂ, ਦਫ਼ਨ ਹੁੰਦੀਆਂ
ਅਤੇ ਫਿਰ ਬਣਦੀਆਂ, ਉਸਰਦੀਆਂ
ਉਸ ਨੇ ਦੇਖਿਆ ਸੀ
ਸਮੁੰਦਰਾਂ ਦੇ ਪਾਣੀਆਂ ਨੂੰ ਸੁੱਕਦਿਆਂ
ਤੇ ਦੇਖਿਆ ਸੀ ਇਕ ਮਹਾਂ ਅੰਧਕਾਰ
ਜਿਸ ਵਿਚੋਂ ਪ੍ਰਕਾਸ਼ ਉਪਜਦਾ ਸੀ?
ਤੇ ਉਸ ਨੇ ਆਪਣੀ ਹੋਂਦ ਨੂੰ ਦੇਖਿਆ ਸੀ
ਉਸ ਨੇ ਤਿਲ ਸਮਾਨ ਧਰਤੀ ਉੱਤੇ
ਦੇਖਿਆ ਸੀ ਆਪਣੇ ਆਪ ਨੂੰ ਖੜ੍ਹਾ
ਤੇ ਉਸ ਨੇ ਅਨੇਕਾਂ ਬ੍ਰਹਿਮੰਡਾਂ
ਦੀ ਪਾ ਲਈ ਸੀ ਝਲਕ
ਅਰਜਨ ਅਡੋਲ ਰਿਹਾ ਸੀ
ਉਹ ਡਰਿਆ ਨਹੀਂ ਸੀ
ਅਰਜਨ ਮਹਾਂਬਲੀ ਹੋ ਗਿਆ ਸੀ
ਉਸ ਨੇ ਆਪਣੀਆਂ ਅੱਖਾਂ ਨਾਲ
ਦੇਖਿਆ ਸੀ ਬ੍ਰਹਮ ਦਾ ਵਿਰਾਟ ਸਰੂਪ!

*****

## ਕਵਿਤਾ/ ਐ ਬੰਦਿਓ

**ਸੁਰਿੰਦਰ ਮਕਸੂਦਪੁਰੀ**



'ਇਕ ਓਅੰਕਾਰ' ਨੂੰ ਭੁੱਲ ਵਿਸਾਰ
ਕਿਉਂ ਆਪਣਾ 'ਗੁਰੂ' ਧਿਆਇਆ
ਐ ਬੰਦਿਓ ਤੁਸੀਂ ਬੰਦੇ ਬਣ ਜਾਓ
ਜਿਵੇਂ ਗੁਰੂਆਂ ਸਬਕ ਸਿਖਾਇਆ।

ਭਾਂਤ-ਸੁਭਾਂਤੇ ਬਾਣੇ ਪਾ ਕੇ
'ਦੇਹ-ਧਾਰੀ' ਤੁਸੀਂ ਗੁਰੂ ਬਣਾ ਕੇ
'ਏਕੁ ਪਿਤਾ ਏਕਸ ਕੇ ਹਮ ਬਾਰਿਕ'
ਮਹਾਂ ਵਾਕ ਨੂੰ ਮਨੋ ਭੁਲਾਇਆ
ਐ ਬੰਦਿਓ ਤੁਸੀਂ ਬੰਦੇ ਬਣ ਜਾਓ.....।

'ਮਨਮੁਖਤਾਈ' ਦੇ ਰਾਹ ਅਪਣਾ ਲਏ
ਮਨਮਰਜ਼ੀ ਦੇ ਸਵਾਂਗ ਰਚਾ ਲਏ
ਭੁੱਲ ਕੇ ਜੀਵਨ-ਪੰਧ ਸਚਿਆਰਾ
ਕਿਉਂ ਜਿਊਣਾ ਨਰਕ ਬਣਾਇਆ
ਐ ਬੰਦਿਓ ਤੁਸੀਂ ਬੰਦੇ ਬਣ ਜਾਓ.....।

ਸਮਝੋ 'ਸ਼ਬਦ-ਸੁਰਤ' ਗੁਰਬਾਣੀ
ਸ਼ਬਦਾਂ ਦੀ ਲੋਅ ਸੱਚ-ਕਹਾਣੀ
'ਭਵ-ਸਾਗਰ' ਨੂੰ ਪਾਰ ਉਹ ਕਰ ਗਏ
ਜਿਨ੍ਹਾਂ ਇਹ ਸੱਚ ਅਜ਼ਮਾਇਆ
ਐ ਬੰਦਿਓ ਤੁਸੀਂ ਬੰਦੇ ਬਣ ਜਾਓ.....।

ਅੰਧ-ਵਿਸ਼ਵਾਸ ਦੀ ਅੰਨ੍ਹੀ ਦੌੜ ਵਿਚ
ਰੱਬ ਨੂੰ ਪਾਉਣ ਦੀ ਲੱਗੀ ਹੋੜ ਵਿਚ
ਢੌਂਗੀ ਬਾਬੇ ਗਲ ਸੰਗ ਲਾ ਕੇ
'ਮਕਸੂਦਪੁਰੀ' ਕੇਹਾ ਕਾਜ ਰਚਾਇਆ
ਐ ਬੰਦਿਓ ਤੁਸੀਂ ਬੰਦੇ ਬਣ ਜਾਓ.....।

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021, ਮੋ. 99887-10234**

*****

## ਕਵਿਤਾ/ ਪਾਣੀ ਦਿਆ ਘੜਿਆ

**ਰਤਨ ਟਾਹਲਵੀ**



ਪਾਣੀ ਦਿਆ ਘੜਿਆ ਵੇ ਠੰਡਾ ਠੰਡਾ ਪਾਣੀ ਤੇਰਾ।
ਕੌਣ ਹੁਣ ਪੀਵੇਗਾ ਤੇ ਕੌਣ ਤੇਰਾ ਕਰੂ ਸਤਿਕਾਰ।
ਬੋਤਲਾਂ 'ਚ ਬੰਦ ਹੋ ਕੇ ਚੌਂਕ ਵਿਚ ਵਿਕਦਾ ਏ।
ਕੈਸਾ ਸਮਾਂ ਆਇਆ, ਪਾਣੀ ਦਾ ਵੀ ਹੋ ਗਿਆ ਵਪਾਰ।

ਚੱਕ ਉੱਤੇ ਰੱਖ ਘੁਮਿਆਰ ਨੇ ਬਣਾਇਆ ਏ।

ਅੱਗ ਵਿਚ ਰੱਖ ਤੈਨੂੰ ਘੜਿਆ ਪਕਾਇਆ ਏ।
ਘੜੇ ਅਤੇ ਪਾਣੀ ਦਾ ਸੱਚਾ ਮੈਂ ਤਾਂ ਵੇਖਿਆ ਪਿਆਰ।
ਬੋਤਲਾਂ 'ਚ ਬੰਦ ਹੋ ਕੇ ਚੌਂਕ ਵਿਚ ਵਿਕਦਾ ਏ।
ਕੈਸਾ ਸਮਾਂ ਆਇਆ, ਪਾਣੀ ਦਾ ਵੀ ਹੋ ਗਿਆ ਵਪਾਰ।

ਦਰਿਆਵਾਂ ਦੇ ਪਾਣੀਆਂ ਨੂੰ ਲੋਕਾਂ ਗੰਦਾ ਕਰ ਤਾ।
ਰਤਾ ਵੀ ਨਹੀਂ ਸੋਚਿਆ ਤੇ ਜ਼ਹਿਰ ਨਾਲ ਭਰ ਤਾ।
ਪਾਣੀ ਬਿਨ ਤੂੰ ਹੀ ਦਸ ਕਿਵੇਂ ਹੁਣ ਚੱਲੂ ਸੰਸਾਰ।
ਬੋਤਲਾਂ 'ਚ ਬੰਦ ਹੋ ਕੇ ਚੌਂਕ ਵਿਚ ਵਿਕਦਾ ਏ।
ਕੈਸਾ ਸਮਾਂ ਆਇਆ, ਪਾਣੀ ਦਾ ਵੀ ਹੋ ਗਿਆ ਵਪਾਰ।

ਰਤਨ ਵਰਿੰਦਰਾ ਜੇ ਪਾਣੀ ਨੂੰ ਬਚਾਵੇਂਗਾ।
ਟਾਹਲੀ ਵਾਲਿਆ ਵੇ ਸ਼ੋਭਾ ਦੁਨੀਆਂ 'ਚ ਪਾਵੇਂਗਾ।
ਘਰ ਘਰ ਹੋਕਾ ਦੇਣਾ ਮੇਰੇ ਨਾਲ ਕਰ ਇਕਰਾਰ।
ਬੋਤਲਾਂ 'ਚ ਬੰਦ ਹੋ ਕੇ ਚੌਂਕ ਵਿਚ ਵਿਕਦਾ ਏ।
ਕੈਸਾ ਸਮਾਂ ਆਇਆ, ਪਾਣੀ ਦਾ ਵੀ ਹੋ ਗਿਆ ਵਪਾਰ।

## ਸ਼ਬਦਾਂ ਦੇ ਸੰਜੋਗ

* ਭਾਈ ਵੱਲੋਂ ਕੀਤੀ ਅਰਦਾਸ ਵਿਚ ਕਿਸੇ ਦਾ ਨਾਮ ਲੈਣਾ ਭੁਲ ਜਾਣਾ, ਅਖ਼ਬਾਰ ਦੀ ਛਪੀ ਖ਼ਬਰ ਵਿਚ ਕਿਸੇ ਦਾ ਨਾਮ ਲਿਖਣਾ ਭੁਲ ਜਾਣਾ ਜਾਂ ਸਟੇਜ਼ ਤੋਂ ਕਿਸੇ ਦਾ ਨਾਮ ਨਾ ਬੋਲਣਾ ਛੋਟੀਆਂ-ਛੋਟੀਆਂ ਗੱਲਾਂ ਹੁੰਦੀਆਂ ਹਨ, ਜੋ ਵੱਡੇ-ਵੱਡੇ ਬੰਦਿਆਂ ਨੂੰ ਵੀ ਚੁੱਭ ਜਾਂਦੀਆਂ ਹਨ।
* ਲੋਕ ਹੱਸਦੇ-ਖੇਡਦੇ ਇਹ ਜ਼ਿੰਦਗੀ ਹੰਢਾਅ ਜਾਂਦੇ ਹਨ ਜਾਂ ਗੁਆ ਜਾਂਦੇ ਹਨ ਫੈਸਲਾ ਕੌਣ ਕਰੇ?
* ਜੇ ਦਿਲੋਂ ਪਿਆਰ ਹੋਵੇ ਤਾਂ ਹੱਥ ਮਿਲਾਉਣ ਦੀ ਲੋੜ ਨਹੀਂ ਹੁੰਦੀ ਤੇ ਜੇ ਦਿਲ ਦਰਬਾਰ ਵਿਚ ਝੁਕਿਆ ਹੋਇਆ ਹੋਵੇ ਤਾਂ ਸਿਰ ਝੁਕਾਉਣ ਦੀ ਲੋੜ ਨਹੀਂ ਹੁੰਦੀ।
* ਅਸੀਂ ਅੱਜਕੱਲ੍ਹ ਗੁਰਬਾਣੀ ਨੂੰ ਸੁੱਖਾਂ ਪੂਰੀਆਂ ਕਰਨ ਲਈ ਵਰਤਦੇ ਹਾਂ ਨਾ ਕਿ ਅੰਤਹ ਕਰਨ ਨੂੰ ਸ਼ੁਧ ਕਰਨ ਲਈ।
* ਅਸੀਂ ਇਕ ਕਮਰੇ ਵਿਚ ਪੰਜ-ਪੰਜ ਅਖੰਡ ਪਾਠ ਰਖਵਾ ਕੇ ਗੁਰਬਾਣੀ ਦੀ ਬੇਅਦਬੀ ਕਰਦੇ ਹਾਂ ਤੇ ਜੇ ਕੋਈ ਹੋਰ ਗੁਰਬਾਣੀ ਦੇ ਬਾਰੇ ਗਲਤੀ ਨਾਲ ਕੁਝ ਕਹਿ ਦੇਵੇ ਤਾਂ ਉਸ ਦੇ ਗਲ ਪੈ ਜਾਂਦੇ ਹਾਂ।
* ਧਰਮ ਦੇ ਨਾਂ 'ਤੇ ਜੋ ਲੋਕ ਕੱਟੜਤਾ ਫੈਲਾਉਂਦੇ ਹਨ ਅਸਲ ਵਿਚ ਉਹ ਲੋਕ ਧਾਰਮਿਕ ਨਹੀਂ ਹੁੰਦੇ।
* ਔਰਤ ਤੇ ਮਰਦ ਦੇ ਰਿਸ਼ਤੇ ਵਿਚ ਜੇਕਰ ਦੂਰੀਆਂ ਬਣੀਆਂ ਰਹਿਣ ਤਾਂ ਵਕਤ ਦੇ ਨਾਲ ਉਹ ਰਿਸ਼ਤਾ ਪਿਆਰ ਵਿਚ ਬਦਲ ਜਾਂਦਾ ਹੈ ਪਰ ਜੇਕਰ ਦੂਰੀਆਂ ਇਕ ਦਮ ਤੈਅ ਹੋ ਜਾਣ ਤਾਂ ਉਹ ਰਿਸ਼ਤਾ 'ਕਾਮ' ਵਿਚ ਬਦਲ ਜਾਂਦਾ ਹੈ।
* ਸਫ਼ਲਤਾ ਨਾ ਮਿਲਣ ਦੀ ਸ਼ਕਲ ਵਿਚ ਇਹ ਕਹਿ ਦੇਣਾ ਕਿ ਇਹ ਸਭ ਕਿਸਮਤ ਦੇ ਹੱਥ ਵਿਚ ਹੈ ਬੰਦੇ ਨੂੰ ਸਚਮੁੱਚ ਹੀ ਸਕੂਨ ਦਿੰਦਾ ਹੈ ਅਤੇ ਆਪਣੇ ਵਿਚ ਘਾਟ ਮਹਿਸੂਸ ਨਹੀਂ ਹੋਣ ਦਿੰਦਾ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

# ज़िन्दगी



**डा. भूपेंद्र सिंह**
**पेहोवा ( हरियाणा )**

जो पीछे मुड़ के देखा तो
कुछ यादें बुला रही थी,
अब तक के सफर की
सारी बातें बता रही थी।

कितनी मुश्किल राहें थीं
हम क्या क्या कर गए,
एक सुकून की तलाश में
कहां कहां से गुजर गए।

कितने लोग मिले सफर में
कितने बिछड़ गए,
जन्मों तक साथ निभाने वाले
जाने किधर गए।

अलग ही ज़माना था
वो अलग ही दौर था,
ज़िन्दगी जीने का
मक़सद ही कुछ और था।

बचपन की नादानियां थीं
ख्वाबों भरी जवानियां थीं,
घर की जिम्मेदारियां थीं
काम धंधे की परेशानियां थीं।

हर उम्र के सपने अलग थे
खुशियों का दृष्टिकोण अलग था,
Goal अलग था
मोल अलग था।

आईने में खुद को देखकर
सोचता रहता हूँ,
क्या खोया क्या पाया
अक्सर तौलता रहता हूँ।

कुछ चेहरे, कुछ बातें
कुछ भूली बिसरी यादें,
ढूंढ रही हैं मुझे
क्या सही था क्या गलत था
पूछ रही हैं मुझे।

उम्र के साथ साथ
सोच बदलती रहती है,
चाहत बदलती रहती है
खोज बदलती रहती है।

अब इस मुकाम पर
एक ठहराव आ गया है,
मंज़िल का तो पता नहीं
पर पड़ाव आ गया है।

बेचैन मन को राहत मिलने लगी है
समझौता कर लिया तो,
ज़िन्दगी मुकम्मल लगने लगी है।

ऐ प्रभु तेरा शुक्रिया
तुझसे कोई शिकवा गिला नहीं है,
यहां सब थोड़े अधूरे से हैं
किसी को पूरा मिला नहीं है।

बहुत सारी कट गई
अब थोड़ी सी बची है,
किसी के होठों पे मुस्कुराऊँ
जाने के बाद भी याद आऊँ।

बस यही ज़िन्दगी है।
बस यही ज़िन्दगी है।

* * * * *

# युवा वर्ग और बेकारी की समस्या

**भूमिका**-यों तो हमारे देश में विभिन्न प्रकार दी समस्याएँ है। ये सभी समस्याएँ बहुत ही जटिल विकट है। दहेज-प्रथा की समस्टा, सती-प्रथा की समस्या, बाल-विवाह की समस्या, मूल्य-वृद्धि की समस्या आदि समस्याओं के समान बेकारी की समस्या आज एक बहुत बड़ी ज्वलंत समस्या बन गई है। हालांकि इस समस्या के विश्व के अधिकांश देशों को प्रभावित किया है, तथापि हमारे देश को तो इसने नाकोदम कर रखा है। इस समस्या ने हमारे युवावग' के अन्त: करण को मथ-मथ करके उसे इतना अशान्त बना डाला है कि वह पथ भ्रष्य होने के सिवाय और कुछ नहीं कर पाता है।

**स्वरूप**-हमारे देश में बेकारी के तीन स्वरूप हैं-अशिक्षित बेकारी, शिक्षित बेकारी और प्रशिक्षित बेकारी। इस तीनों प्रकार की बेकारी से पृथक् एक और प्रकार की बेकारी है। वह है-अर्द्ध बेकारी। अर्द्ध बेकारी से तात्पर्य उस बेकारी से है, जो कुछ समय काम करने के बाद बेकारी की श्रेणी में आ जाती है। सबसे भिन्न और अद्भुत बेकारी वह होती है, जिसके अन्तर्गत ऐसे युवा-वर्ग आते हैं, जिन्हें अपनी योग्यता के अनुरूप काम नहीं मिला। फलत: वे ऐसी मजबूरी में काम करने लगते हैं, जिससे वे पूर्णरूप सन्तुष्ट नहीं होते है।

**कारण**-युवा बेकारी के कारण क्या हैं? इसके उत्तर में मात्र इतना ही कहना समुचित है कि इसके कारण अनेक है। इसके कारणों के विषय में विचारकों के मत एक नहीं है। कुछ विचारकों का विचार है कि बेरोकटोक गति से बढ़ती हुई जनसंख्या ही इसका मुख्य कारण है। दूसरे विचारकों का यह मानना है कि जनसंख्या की वृद्धि के अनुपात में काम या रोज़गार की व्यवस्था नहीं हो पातीहै। इसलिए बेकारी स्वाभाविक रूप से निरन्तर बढ़ती ही जा रही है। युवा-बेकारी का एक प्रमुख कारण है-शिक्षा-व्यवस्था रोज़गारोन्मुख न होना। आज की शिक्षा-व्यवस्था की विडम्बना यह है कि इस से युवा-वर्ग डिग्री-डिप्लोमा हासिल करके सेवा-पद और कार्य के अनुकूल स्वयं को योग्य सिद्ध नहीं कर पाता है। जहाँ तक पद-स्थान की बात है-तो वह यह है कि विज्ञान के प्रभाव से कम्प्यूटर जैसे रोज़गारपूरक आविष्कारों के फलस्वरूप सो-सो आदमियों के स्थान पर एक ही आदमी किसी काम भलीभाँति संभाल और पूरा कर लेता है। यही कारण है कि दिनों-दिन रिक्तियों की संख्या घटने लगी। उधर बेतहाशा बढ़ती हुई आबादी के कारण युवा-वर्ग की बेकारी दिनों-दिन बेकाबू होती गई है। रोज़गारप्रदक शिक्षा-व्यवस्था के न होने से युवा-मन शिक्षा से मुँह मोड़े रहता है। समुचित रोज़गार अथवा कोई समुचित सेवा-पद न मिल पाने से आज का अधिकांश युवा-वर्ग का शिक्षा से मोह-भंग होने लगा है।

युवा-वर्ग की बेकारी कारणों में एक अन्य कारण यह है कि शिक्षा-व्यवस्था ओर इससे संबंधित चालू होने वाली योजनाओं में वास्तविक तालमेल और तारतम्यता नहीं बन पाती है। यदि दोनों में तालमेल और तारतम्यता हो जाए, तो बेकारी कोई कारण बनकर के नहीं रह जाएगी। युवा-वर्ग की बेकारी का एक सूक्ष्म कारण यह है कि हमारे देश में घरेलू उद्योग-धन्धों के दिन लदते गए। हमारे युवा-वर्ग में अंधानुकरण मुख्य रूप से विदेशीकरण के प्रति दिनों-दिन रुझान बढ़ने लगा है। फलत: वह दिशाहीन होकर न घर का और न घाट का ही रह जाता है।

**प्रभाव**-बेकारी की समस्या हमारे देश की एक ऐसी भयंकर समस्या बन गई है कि इससे निजात पाना बहुत असंभव नहीं तो बहुत कठिन अवश्य लगता है। इससे हमारे देश में दिनों दिन आराजकता, भ्रष्टाचार और अनुशासनहीनता का वातावरण बनता जा रहा रहा है। इस समस्या ने हमारे देश की नीति, व्यवस्था, पद्धति को खोखला बनाना शुरू कर दिया है। युवा-वर्ग की बढ़ती हुई बेकारी से ही आज अनेक युवक चोरी, डकैती, हिंसा, उपद्रव, आत्महत्या जैसे घृणित कुकृत्यों में संलिप्त और संलग्न हो रहे हैं। इसी प्रकार युवा-वर्ग की बेकारी ने ही समाज में अपराधों की संख्या में वृद्धि करनी शुरू कर दी है। फलत: सभी पीड़ित और अशान्त होकर इस समस्या के समाधान के लिए कोई कारगार उपाय की अपेक्षा करने लगे हैं।

**वस्तुतः** इस समस्या ने हज़ारों-लाखों युवाओं को अनिश्चित और दिशाहीन अंधेरी गली में भटकाना शुरू कर दिया है। आज बेकार युवा-वर्ग से भरा-पूरा परिवार विभिन्न प्रकार के मानसिक उत्पीड़न भरी ज़िंदगी जीने के लिए विवश और किंकर्त्तव्य-विमूढ़ हो रहा है, उनकी विवशता और किंकर्त्तव्य-विमूढ़ता का मुख्य कारण यही होता है कि बेकार युवा-वर्ग से न केवल परिवार संतप्त और उत्पीड़न होता रहात है, अपितु आस-पास का समाज भी इस प्रकार की कठिनाइयों से बच नहीं पाता है।

**समाधान**-युवा-वर्ग की बेकारी की समस्या के समाधान उनके कारणों के समान एक नहीं अनेक हैं। युवा-वर्ग की बेकारी की समस्या के समाधान की दिशा में पहला कदम यह होना चाहिए कि शिक्षा को रोज़गारपूरक और रोज़गारोन्मुख होना चाहिए। शिक्षा में औद्योगिक शिक्षा को स्थान देना महत्वपूर्ण कदम होगा। घरेलू दस्तकारियों सहित अन्य उद्योग-धन्धों (कुटीर उद्योग-धन्धों) को स्थान देना एक अत्यन्न आवश्यक कदम होगा। शिक्षा व्यवस्था और इससे संबंधित योजनाओं में तालमेल बैठाने युवा वर्ग की बेकारी को दूर करने में बहुत अपेक्षित उपाय होगा।

युवा-वर्ग की बेकारी को दूर करने के लिए जनसंख्या पर नियंत्रण रखना नितान्त आवश्यक है। युवा-वर्ग को उनके रुचिप्रद कार्यों के अनुसार उन्हें उसमें लगाने के लिए हर प्रकार प्रोत्साहित करना चाहिए। इससे उनके मत की भटकन और असंतोष के भाव छिन्न-भिन्न हो सकते हैं।

**उपसंहार**-युवा-वर्ग की बेकारी युगानुरूप है। इसके समाधान के लिए इसके कारणों और स्वरूपों सहित इसके प्रभावों का गंभीरतापूर्वक अध्ययन-मनन बहुत आवश्यक है। अगर इसके प्रति लापरवाही के ऐसे दौर चलते रहेंगे, तो यह भयानक समस्या सुरसा के समान समाज और राष्ट की गति किस प्रकार अवरुद्ध कर देगी, कुछ भी कहना बहुत कठिन है।

# IRON DEFICIENCY IN PRETERM INFANTS



Posted by Ben Maycock

Dr. Satvinder Ghotra

Photo by Ryan Wilson. IWK

A study out of the IWK shows that iron deficiency is common in preterm infants despite early iron supplementation. Researchers hope that by addressing iron deficiency, they can improve the neurodevelopmental outcomes of preterm infants.

Iron status of very preterm Infants during first year of life has not been looked at before. The first of its kind study "Postdischarge iron Status in Very Preterm Infants Receiving Prophylactic iron Supplementation after Birth was recently published in The Journal of Pediatrics.

"In our endeavour to improve the neurodevelopmental outcomes of preterm infants, prevention of iron deficiency is a critical step," says Dr. Satwinder Ghotra, IWK neonatologist and Medical Director of Perinatal Follow-Up

Program of Nova Scotla


"That's why all of our preterm infants are started on prophylactic iron supplements after birth. It is surprising to see that despite this, one-third of our preterm infants develop iron deficiency before six months of life."

Iron is an essential nutrient required for the growth and development of the central nervous system. Iron deficiency is the most common micronutrient deficiency worldwide and is recognized as a public health problem in Canadian infants and young children.

"The American Academy of Pediatrics suggests routine testing for anemia around one year of age in preterm infants," says Ghotra. "However, there are no recommendation on checking iron stores. High incidence of iron deficiency noted in our population elicits the need to establish protocols for monitoring of iron stores in high-risk preterm infants."



# MATRIMONIAL



**LOOKING FOR WORKING/NON-WORKING SUITABLE MATCH FOR LUBANA SIKH BOY, DOB- JULY 91, HEIGHT- 5'11", EDUCATION- B. TECH Mech., WORKING PROFESSIONAL DOING PRIVATE JOB, SMALL FAMILY: Father (Retired), Mother (House Wife) and Brother (Doing Private Job) PERMANENT RESIDENCE IN MOHALI. MOBILE- 90417-77073, 84277-03403**

* * * * *

**WE ARE LOOKING FOR NON-SIKHI B. TECH INDIAN BOY FOR KHATRI GIRL DOB- 29 MAY 1990, TIME-1.05 AM, KANPUR (U. P) B. TECH IN COMPUTER SCIENCE DOING JOB IN BANGALORE. SMALL FAMILY- FATHER BUSINESS-MAN, MOTHER HOUSE-WIFE AND ONE YOUNGER SISTER ALSO WORKING, PERMANENT RESIDENCE IN CHANDIGARH. CONTACT - 99534-17107**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

# ਕਮਰਿਆਂ ਦੀ ਬੁਕਿੰਗ

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਜਨਵਰੀ ਮਹੀਨੇ ਦੀ ਸੰਗਰਾਂਦ ਅਤੇ ਹੋਰ ਕਾਰਜਾਂ ਲਈ ਦਾਨੀ ਸੱਜਨਾਂ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ<br>ਮਕਾਨ ਨੰਬਰ-3405, ਸੈਕਟਰ-40-ਡੀ, ਚੰਡੀਗੜ੍ਹ। | 200/- | ਐਨ-405 | 14.01.2023 |
| 2. | ਸ਼੍ਰ: ਗੁਰਚਰਨ ਸਿੰਘ, ਸੀਨੀਅਰ ਵਾਇਸ ਪ੍ਰਧਾਨ<br>ਮਕਾਨ ਨੰਬਰ-117, ਸੈਕਟਰ-35-ਏ, ਚੰਡੀਗੜ੍ਹ। | 500/- | ਐਨ-406 | 14.01.2023 |
| 3. | ਪੰਡਿਤ ਰਾਮ ਕੁਮਾਰ, ਕੰਟੀਨ<br>ਬ.ਮ.ਸ.ਲ.ਫ, ਭਵਨ, ਸੈਕਟਰ-30-ਏ, ਚੰਡੀਗੜ੍ਹ। | 500/- | ਐਨ-407 | 14.01.2023 |
| 4. | ਇੰਜ: ਹਰਦੇਵ ਸਿੰਘ, ਸੀਨੀਅਰ ਮੈਂਟੀਨੈਸ ਇੰਜੀਨੀਅਰ<br>ਮਕਾਨ ਨੰਬਰ-1747, ਫੇਜ-7, ਮੋਹਾਲੀ। | 200/- | ਐਨ-408 | 14.01.2023 |
| 5. | ਸ਼੍ਰ: ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.)<br>ਵਾਈ-4, ਫਾਲਕਨ ਵਿਊ, ਏਅਰਪੋਰਟ ਰੋਡ, ਸੈਕਟਰ-66-ਏ, ਮੋਹਾਲੀ। | 500/- | ਐਨ-409 | 14.01.2023 |
| 6. | ਸ਼੍ਰ: ਹਰਦਿਆਲ ਸਿੰਘ ਘੋਤੜਾ<br>ਮਕਾਨ ਨੰਬਰ-11, ਸੰਗਮ ਐਨਕਲੇਵ, ਸੈਕਟਰ-48-ਏ, ਚੰਡੀਗੜ੍ਹ। | 200/- | ਐਨ-410 | 14.01.2023 |
| 7. | ਇੰਜ: ਸੁਰਿੰਦਰ ਸਿੰਘ<br>ਮਕਾਨ ਨੰਬਰ-527, ਫੇਜ-10, ਮੋਹਾਲੀ। | 500/- | ਐਨ-411 | 14.01.2023 |
| 8. | ਸ਼੍ਰ: ਹਰਭਜਨ ਸਿੰਘ, ਪ੍ਰਧਾਨ<br>ਮਕਾਨ ਨੰਬਰ-576, ਮੋਤਾ ਸਿੰਘ ਨਗਰ, ਜਲੰਧਰ। | 1100/- | ਐਨ-412 | 14.01.2023 |
| 9. | ਸ਼੍ਰ: ਹਰਨੂਰ ਸਿੰਘ<br>ਮਕਾਨ ਨੰਬਰ-2745, ਸੈਕਟਰ-20-ਬੀ, ਚੰਡੀਗੜ੍ਹ। | 100/- | ਐਨ-413 | 14.01.2023 |
| 10. | ਸ਼੍ਰ: ਅਮਰ ਸਿੰਘ<br>ਮਕਾਨ ਨੰਬਰ-2287, ਸੈਕਟਰ-49-ਸੀ, ਚੰਡੀਗੜ੍ਹ। | 100/- | ਐਨ-414 | 14.01.2023 |
| 11. | ਬੀਬੀ ਸੁਰਿੰਦਰ ਕੌਰ<br>ਮਕਾਨ ਨੰਬਰ-390, ਸੈਕਟਰ-16<br>ਪੰਚਕੂਲਾ ਆਪਣੇ ਸਵਰਗਵਾਸੀ ਪਤੀ ਸ਼੍ਰ: ਜਗਮੋਹਨ ਸਿੰਘ ਜੀ ਦੀ ਅੰਤਿਮ ਅਰਦਾਸ ਲਈ। | 25000/- | ਐਨ- 415 | 20.01.2023 |
| 12. | ਸਰਦਾਰ ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.)<br>ਮਕਾਨ ਨੰਬਰ- 7113, ਸੈਕਟਰ- 125, ਸਨੀ ਐਨਕਲੇਵ, ਮੋਹਾਲੀ। | 500/- | ਐਨ-416 | 20.01.2023 |
| 13. | ਸ਼੍ਰ: ਕਿਰਪਾਲ ਸਿੰਘ<br>ਪਿੰਡ-ਗਿਲਜ਼ੀਆਂ, ਜ਼ਿਲ੍ਹਾ-ਹੁਸ਼ਿਆਰਪੁਰ। | 1500/- | ਐਨ-400 | 09.01.2023 |

| | | | | |
|---|---|---|---|---|
| 14. | ਸਰਦਾਰਨੀ ਸ਼ਵਿੰਦਰ ਕੌਰ<br>ਸੁਪਤਨੀ ਗਰੁੱਪ ਕੈਪਟਨ ਰਘਬੀਰ ਸਿੰਘ<br>ਵਾਸੀ ਕੇ-14, ਜਲ ਵਾਯੂ ਵਿਹਾਰ, ਪੋਵਾਈ-76, ਮੁੰਬਈ, ਮਹਾਂਰਾਸ਼ਟਰ | 11000/- | ਆਈ-1797 | 27.01.2023 |
| 15. | ਸ਼੍ਰ: ਪਰਵਿੰਦਰ ਪਾਲ ਸਿੰਘ<br>10, ਗਾਰਡਨ ਵਿਊ ਕਲੋਨੀ, ਕੈਂਟ ਰੋਡ, ਜਲੰਧਰ | 5100/- | ਆਈ-420 | 01.02.2023 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

ਪਾਰਬ੍ਰਹਮ ਆਪਣੀ ਨਿਜ ਇੱਛਾ ਅਨੁਸਾਰ ਹੀ ਆਪਣੇ ਸਰਗੁਣ ਸਰੂਪ ਧਾਰਨ ਕਰਦਾ ਹੈ ਅਤੇ ਜਗਤ ਨੂੰ ਪੈਦਾ ਕਰਨ ਅਤੇ ਪਾਲਣਾ ਕਰਨ ਦੀ ਮਰਿਆਦਾ ਵੀ ਆਪੇ ਹੀ ਕਰਦਾ ਹੈ। ਅਵਤਾਰ ਧਾਰ ਕੇ ਦੁਸ਼ਟਾਂ ਦਾ ਨਾਸ਼ ਵੀ ਕਰਦਾ ਹੈ ਅਤੇ ਸੰਤ ਜਨਾਂ ਨੂੰ ਨਿਜੀ ਸਰੂਪ ਦਾ ਗਿਆਨ ਵੀ ਬਖਸ਼ਦਾ ਹੈ। ਫਿਰ ਉਹੀ ਨਿਰ ਇੱਛਾ ਹੋ ਕੇ ਆਪਣਾ ਨਿਰਗੁਣ ਰੂਪ ਧਾਰ ਲੈਂਦਾ ਹੈ ਅਤੇ ਅਕਾਰ ਨੂੰ ਵਿਲੀਨ ਕਰ ਲੈਂਦਾ ਹੈ। ਇਹ ਬਿਲਕੁਲ ਇਸ ਤਰ੍ਹਾਂ ਹੈ, ਜਿਵੇਂ ਕੋਈ ਰਾਜਾ ਆਪਣੀ ਇੱਛਾ ਅਨੁਸਾਰ ਵਸਤਰ ਸ਼ਸਤਰ ਪਹਿਨ ਕੇ ਆਪਣੀ ਸਭਾ ਵਿਚ ਖੁਸ਼ੀ ਸਹਿਤ ਆਣ ਬੈਠੇ। ਪਰ ਜਦੋਂ ਉਸ ਦੀ ਇੱਛਾ ਹੁੰਦੀ ਹੈ, ਉਹ ਸਭ ਸਭਾ ਨੂੰ ਤਿਆਗ ਕੇ, ਬਸਤਰ ਸ਼ਸਤਰ ਤਿਆਗ ਦੇਵੇ ਅਤੇ ਇਕੱਲਾ ਹੋ ਕੇ ਆਪਣੀ ਸੇਜਾਂ ਉੱਪਰ ਅਰਾਮ ਕਰੇ। ਉਸ ਸਮੇਂ, ਉਸ ਨੂੰ ਕੋਈ ਨਹੀਂ ਦੇਖ ਸਕਦਾ। ਪਰ ਰਾਜੇ ਕੋਲ ਫਰਿਆਦਾਂ (ਅਰਦਾਸਾਂ) ਕਰਨ ਵਾਲੇ ਨਿਰੰਤਰ ਉਸ ਦਾ ਨਾਮ ਲੈ ਕੇ, ਰਾਜ ਹੁੰਦੇ ਹਨ ਅਤੇ ਮਹਿਮਾ ਕਰਦੇ ਹਨ। ਰਾਜਾ ਭਾਵੇਂ ਸਭਾ ਵਿਚ ਹੋਵੇ ਜਾਂ ਮਹਿਲਾਂ ਦੇ ਅੰਦਰ ਹੋਵੇ, ਪਰ ਉਹ ਸਭ ਦੀਆਂ ਫਰਿਆਦਾਂ ਵੀ ਸੁਣਦਾ ਹੈ, ਮਹਿਮਾ ਵੀ ਸੁਣਦਾ ਹੈ ਅਤੇ ਨਿਆਂ ਵੀ ਕਰਦਾ ਹੈ। ਬੱਸ ਗੁਰੂ ਨਾਨਕ ਦੇਵ ਜੀ ਨੇ, ਆਪਣੇ ਸਿੱਖ ਵਾਸਤੇ ਉਪਾਸਨਾ ਕਰਨ ਦੀ ਮਰਿਆਦਾ ਇਸੇ ਤਰ੍ਹਾਂ ਦੀ ਦਰਸਾਈ ਹੈ। ਸਿੱਖ ਨੇ ਪ੍ਰਭੂ ਦਾ ਨਾਮ ਦੋਵਾਂ ਰੂਪਾਂ ਵਿਚ ਹੀ ਸਿਮਰਨਾ ਹੈ, ਨਿਰਗੁਣ ਵੀ ਤੇ ਸਰਗੁਣ ਵੀ। ਸਰਗੁਣ ਰੂਪ ਵਿਚ ਉਸ ਦਾ ਨਾਮ ਸਤਸੰਗ ਵਿਚੋਂ ਸੁਣਨ ਨਾਲ ਵੀ ਉਹ ਪ੍ਰਸੰਨ ਹੁੰਦਾ ਹੈ ਅਤੇ ਨਿਰਗੁਣ ਰੂਪ ਵਿਚ ਨਾਮ ਜਪਣ ਨਾਲ ਵੀ ਉਹ ਆਤਮ ਗਿਆਨ ਬਖਸ਼ਦਾ ਹੈ।

# ਸਵ: ਸ. ਜਗਮੋਹਨ ਸਿੰਘ ਸਪੁੱਤਰ ਸ. ਜਗਤ ਸਿੰਘ ਦੀ ਅੰਤਿਮ ਅਰਦਾਸ ਦੀਆਂ ਝਲਕੀਆਂ











Regd No. 32212/78 Postal No.-- G/CHD/0111/2018-2020

# ਪੈਟਰਨ ਅਤੇ ਡੋਨਰਜ਼ ਦਾਨੀ ਸੱਜਣ



1. ਬੀਬੀ ਸੁਰਿੰਦਰ ਕੌਰ ਸੁਪਤਨੀ ਸਵਰਗਵਾਸੀ ਸ. ਜਗਮੋਹਨ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ ਅੰਤਿਮ ਅਰਦਾਸ ਮੌਕੇ ਭੇਟਾ ਰਾਸ਼ੀ 25000 ਰੁਪਏ ......ਪੈਟਰਨ
2. ਬੀਬੀ ਸਵਿੰਦਰ ਕੌਰ ਸੁਪਤਨੀ ਗਰੁੱਪ ਕੈਪਟਨ ਸ. ਰਣਧੀਰ ਸਿੰਘ, ਮੁੰਬਈ 11000 ਰੁਪਏ......ਡੋਨਰ
3. ਸ. ਪਰਵਿੰਦਰਪਾਲ ਸਿੰਘ ਅਤੇ ਸਮੂਹ ਪਰਿਵਾਰ ਕੈਂਟ ਰੋਡ ਜਲੰਧਰ ਜੀ ਦੇ ਬੇਟੇ ਦੇ ਵਿਆਹ ਸਮਾਗਮ ਮੌਕੇ ਭੇਟਾ ਰਾਸ਼ੀ 5100 ਰੁਪਏ......ਡੋਨਰ



## ਸ. ਜਗਮੋਹਨ ਸਿੰਘ ਨਮਿੱਤ ਸ਼ਰਧਾਂਜਲੀ ਸਮਾਗਮ

ਸ. ਜਗਮੋਹਨ ਸਿੰਘ ਜੀ ਫ਼ਾਉਡੇਸ਼ਨ ਦੇ ਸਤਿਕਾਰਯੋਗ ਮੁੱਢਲੇ ਮੈਂਬਰ ਸਨ ਮਿਤੀ 14.01.2023 ਨੂੰ 87 ਸਾਲਾਂ ਦੀ ਉਮਰ ਪੂਰੀ ਕਰਕੇ ਇਸ ਸੰਸਾਰ ਤੋਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਸ. ਜਗਮੋਹਨ ਸਿੰਘ ਜੀ ਸਾਬਕਾ ਐਡੀਸ਼ਨਲ ਡਾਇਰੈਕਟਰ (ਐਫ.ਏ.) ਕਮ ਕੰਟਰੋਲਰ ਖੁਰਾਕ ਅਕਾਉਟਸ (ਰਿਟਾ:) ਪੰਜਾਬ ਖੁਰਾਕ ਅਤੇ ਸਪਲਾਈ ਮਹਿਕਮੇ ਵਿਚੋਂ ਸੇਵਾ ਮੁਕਤ ਹੋਏ ਸਨ। 1975 ਤੋਂ ਮਤਲਬ ਫ਼ਾਊਡੇਸ਼ਨ ਦੀ ਸ਼ੁਰੂਆਤ ਤੋਂ ਹੀ ਚੰਡੀਗੜ੍ਹ ਭਵਨ ਵਿਖੇ ਆਪਣੀਆ ਲਗਾਤਾਰ ਸੇਵਾਵਾਂ ਵੱਖ-ਵੱਖ ਅਹੁਦਿਆਂ ਤੇ ਜ਼ਿੰਮੇਵਾਰੀ ਨਾਲ ਨਿਭਾਉਂਦੇ ਰਹੇ ਹਨ। ਆਪ ਜੀ ਦੀ ਅੰਤਿਮ ਅਰਦਾਸ ਦਾ ਸਮਾਗਮ ਸ਼੍ਰੀ ਅਖੰਡ ਪਾਠ ਸਾਹਿਬ ਮਿਤੀ 18.01.2023 ਨੂੰ ਭਵਨ ਦੇ ਗੁਰੂ ਘਰ ਵਿੱਚ ਪ੍ਰਾਰੰਭ ਕਰ ਕੇ ਨਿਰਵਿਘਨ ਭੋਗ 20.01.2023 ਨੂੰ ਪਾਏ ਗਏ। ਇਸ ਮੌਕੇ ਭਾਰੀ ਗਿਣਤੀ ਵਿਚ ਰਿਸ਼ਤੇਦਾਰ, ਮਿੱਤਰ, ਸੰਸਥਾ ਅਤੇ ਫ਼ਾਊਡੇਸ਼ਨ ਦੇ ਸੁਨੇਹੀ ਸ਼ਰਧਾ ਪੂਰਵਕ ਆਪਣੀ ਹਾਜ਼ਰੀ ਭਰ ਕੇ ਉਨ੍ਹਾਂ ਦੀ ਮਿੱਠੀ ਨਿਘੀ ਯਾਦ ਨੂੰ ਸਮਰਪਿਤ ਹੁੰਦੇ ਹੋਏ ਸ੍ਰ: ਜਗਮੋਹਨ ਸਿੰਘ ਵਾਸਤੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਅਤੇ ਵਾਹਿਗੁਰੂ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਚੜ੍ਹਦੀ ਕਲਾ ਵਿੱਚ ਰਖਣ।





